ਤਿਸਕੇਇਸਪੰਦਕਾਕਾਰਣਪ੍ਰਾਣਵਾਉਹੈ॥ਜਬਪ੍ਰਾਣਵਾਉਕਾਨਿਰੋਧਨਹੋਤਾਹੈ॥ਤਬਮਨਭੀਸਾਂਤਹੋ
ਜਾਤਾਹੈ॥ਨਿਸਚੈਕਾਰਿਕੈਜਾਣਜੋਮਨਕੇਲੀਨਹੂਏਤੇਸੰਸਾਰਭੀਲੀਨਹੋਜਾਤਾਹੈ॥ਜੈਸੇਸੂਰਜਪ੍ਰਕਾ
ਸਕੇਅਭਾਵਹੂਏਰਾਤ੍ਰਿਕੇਮਨੁਖਾਂਕਾਵਿਵਹਾਰਸਾਂਤਹੋਜਾਤਾਹੈ॥ਰਾਮੋਵਾਚ॥ਹੇਭਗਵਨਾਇਹਾਦਿ
ਨਅਰੁਰਾਤ੍ਰਜੋਨਿਰੰਤ੍ਰਗਮਨਆਗਮਨਪ੍ਰਤ੍ਰੇਕਰਤੇਹੈਂਦੇਹਰੂਪਨਗਰਵਿਖੇਪ੍ਰਾਣ॥ਤਿਨਪ੍ਰਾਣਆਦਿ
ਕਵਾਉਕਾਰੋਕਣਾਕਿਸਪ੍ਰਕਾਰਹੋਤਾਹੈ॥ਵਸਿਸ੍ਟੋਵਾਚ॥ਹੇਰਾਮਜੀਸਾਸਤ੍ਰਹੁਕਾਵਿਚਾਰਅਰੁਸ
ਤਜਨਹੁਕਾਸੰਗਅਰੁਵਿਖਿਆਂਤੇਂਵੈਰਾਗਜੋਗਅਭਿਆਸਤੇਂਹੋਤਾਹੈ॥ਪ੍ਰਿਥਮਜਗਤਵਿਖੇਆਸ
ਤ੍ਰਬੁਧਕਰਣੀ॥ਅਰੁਬਾਂਛਤਜੋਅਪਣਾਇਸਟਦੇਵਹੈਤਿਸਕਾਧਿਆਨਕਰਣਾ॥ਜਬਚਿਰਕਾਲਧਿ
ਆਨਕਰਤਾਹੈ॥ਤਬਏਕਤਤਕਾਘਨਅਭਿਆਸਹੋਤਾਹੈ॥ਤਿਸਕਾਰਿਪ੍ਰਾਣਹੁਕਾਇਸਪੰਦਰੋਕਿਆਜਾ
ਤਾਹੈ॥ਰੇਚਕਪੂਰਕਕੁੰਭਕਜੋਪ੍ਰਾਣਾਯਾਮਹੈ॥ਜਬਅਖੇਦਚਿਤਹੋਕਰਿਦ੍ਰਿੜਅਭਿਆਸਕਰਤਾਹੈ॥

CC-0 Shri Krishna Museum. An eGangotri-Vedic Bharat Inititative

ਅਰੁਇਕਤ੍ਰਧਿਆਨਸੈਜੁਗਤਿਹੋਤਾਹੈ।ਤਿਸਕਰਿਭੀਪ੍ਰਾਣੋਕਾਇਸਪੰਦਰੋਕਿਆਜਾਤਾਹੈ।ਓਅੰਕਾਰਕਾ ੬੦੪
ਉਚਾਰਕਰਣਾ।ਉਰਧਾਤਿਸਕੇਜੋਸੂਖਮਧੁੰਨਿਹੋਤੀਹੈ।ਪ੍ਰਿਥਮਸਬਦਥਡੀਧੁਨਿਸੇਹੋਤਾਹੈ।ਸੂਖਮਧੁੰਨਿਸੇ
ਖਰਹਤੀਹੈ।ਤਿਸਾਵਿਖੇਚਿਤਕੀਬ੍ਰਿਤਕੋਲਗਾਵਣਾ।ਤਬਸਖੇਪਤਰੂਪਅਵਸਥਾਵਿਖੇਜੋਬ੍ਰਿਤਜੋ
।ਬ੍ਰਿਤਹੈਸੋਤਦਰੂਪਹੋਜਾਤੀਹੈ।ਤਬਪ੍ਰਾਣਾਇਸਪੰਦਰੋਕਿਆਜਾਤਾਹੈ।ਅਰੁਰੇਚਕਪ੍ਰਾਣਾਯਾਮਜੋਕਰੀ
ਤਾਹੈ।ਤਬਤਿਸਕੇਅਭਿਆਸਕਰਿਵਿਸਾਰਿਤਪ੍ਰਾਣਪਵਨਜੋਹੈ।ਸੋਸੂੰਨਭਾਵਆਕਾਸਵਿਖੇਜਾਇਲੀਨ
ਹੋਤਾਹੈ।ਤਬਪ੍ਰਾਣਰੋਕਿਆਜਾਤਾਹੈ।ਅਰੁਕੁੰਭਕਕਰਿਕੈਜੋਪ੍ਰਾਣਵਾਉਇਸਥੰਭਨਸ੍ਰਵਣਕੀਆਹੈ।
।ਤਿਸੀਪ੍ਰਕਾਰਅਭਿਆਸਕਰੈ।ਤਬਪ੍ਰਾਣੋਕਾਨਿਰੋਧਨਹੋਤਾਹੈ।ਗੁਰੋਕੇਉਪਦੇਸਤੇਅੰਨਥਾਕਰੈਤਬਸਿਧਿ
ਨਹੀਹੋਤਾ।ਜੈਸੇਨਕੇਅਭਿਆਸਕਰਿਕੈਨਿਰੋਧਨਾਸਿਧਭਾਇਆਹੈ।ਸੋਕਲਿਆਣਮੂਰਤਹੈ।ਅਉਰਕਲਿ
ਆਣਮੂਰਤਨਹੀਹੋਤੇ।ਹੇਰਾਮਜੀਅਭਿਆਸਕਰਿਕੈਪ੍ਰਾਣਾਯਾਮਹੋਤਾਹੈ।ਅਰੁਵੈਰਾਗਕੀਦ੍ਰਿੜਤਾਕ
ਰਿਕੈਵਾਸਨਾਯਾਮਹੋਤਾਹੈ।ਅਰਥਾਇਹਜੋਵਾਸਨਾਰੋਕੀਤੀਹੈ।ਜਬਦ੍ਰਿੜਅਭਿਆਸਕਰੈਤਬਚਿਤ
ਅਚਿਤਹੋਜਾਤਾਹੈ।ਹੇਰਾਮਜੀਭ੍ਰਿਕੁਟੀਕੇਦਸਅੰਗੁਲਪ੍ਰਜੰਤਜੋਵਾਉਜਾਤੀਹੈ।ਤਿਸਕਾਵਾਰੰਵਾਰਜਬਅ
ਭਿਆਸਕਰੀਤਾਹੈ।ਤਬਪ੍ਰਾਣਖੀਣਹੋਜਾਤਾਹੈ।ਅਰੁਖੇਚਰੀਮੰਦ੍ਰਾਕਰਿਕੈਤਾਲੂਸਾਥਜਿਹਬਾਲਗਾਇ
ਕਰਿਜੋਅਭਿਆਸਕਰੈਤਬਭੀਪ੍ਰਾਣਰੋਕੇਜਾਤੇਹੈਂ।ਇਸਪ੍ਰਕਾਰਕੇਅਭਿਆਸਕਰਿਚਿਤਕੀਵਿਆਕੁਲ
ਤਾਜਾਤੀਰਹਤੀਹੈ।ਅਰੁਪਰਮਉਪਸਮਪ੍ਰਾਪਤਿਹੋਤੀਹੈ।ਤਬਇਹਪੁਰਖਆਤਮਾਰਾਮੀਹੋਤਾਹੈ।ਸਭ
ਸੋਕਦੂਰਹੋਜਾਤੇਹੈਂ।ਅਤਿਰਿਆਨੰਦਕੀਪ੍ਰਾਪਤਿਹੋਤੀਹੈ।ਤਾਂਤੇਤੂੰਭੀਅਭਿਆਸਕਰੁ।ਅਭਿਆਸਕਰਿਕੈ

CC-0 Shri Krishna Museum. An eGangotri-Vedic Bharat Inititative

ਪਾਣਾਇਸਪਦਵਿਖੈਹੋਇਜਾਵੈਗਾ॥ਅਰੁਮਨਪਰਮਸਾਂਤਕਉਪ੍ਰਾਪਤਿਹੋਵੈਗਾ॥ਤਿਸਕੇਪਾਛੇਜੋਪਦਹੈਸੋ
ਨਿਰਬਾਣਰੂਪਹੈ॥ਹੇਰਾਮਜੀਜਬਪ੍ਰਾਣਇਸਪੰਦਿਮਿਟਜਾਤਾਹੈ॥ਤਬਚਿਤਇਸਥਿਤਹੋਤਾਹੈ॥ਤਬ
ਵਾਸਨਾਨਸਟਹੋਇਜਾਤੀਹੈ॥ਜਬਵਾਸਨਾਨਸਟਹੂਈਤਬਮੋਖਕੀਪ੍ਰਾਪਤਿਹੋਤੀਹੈ॥ਜਬਲਗਚਿਤਵਾਸਨਾ
ਕਰਿਲਪੇਟਿਆਹੈ॥ਤਬਲਗਜਨਮਮਰਣਕਉਦੇਖਤਾਹੈ॥ਜਬਮਨਵਾਸਨਾਤੇਂਰਹਿਤਹੋਤਾਹੈ॥ਤਬਮੋ
ਖਹੋਤਾਹੈ॥ਹੇਰਾਮਜੀਪ੍ਰਾਣਵਾਉਕਉਰੋਕਕਰਿਵਾਸਨਾਤੇਂਰਹਤਜਹਾਂਤੇਰੀਇਛਾਹੋਵੈਤਹਾਂਵਿਚਰੁ॥
ਤੁਝਕਉਬੰਧਨਕਛੁਨਹੋਵੈਗਾ॥ਜਬਪ੍ਰਾਣਵਾਉਫੁਰਤੇਹੈਂਤਬਮਨਉਦੇਹੋਤਾਹੈ॥ਜਬਮਨਉਦੇਹੂਆਤ
ਬਸੰਸਾਰਭ੍ਰਮਹੋਤਾਹੈ॥ਜਬਮਨਖੀਣਹੂਆਤਬਸੰਸਾਰਭ੍ਰਮਨਾਸਹੋਇਜਾਤਾਹੈ॥ਹੇਰਾਮਜੀਜਬਮਨਸੋਂਸੰ
ਸਰਕਲਪਨਾਮਿਟਤੀਹੈ॥ਤਬਅਸਬਦਪਦਪ੍ਰਾਪਤਿਹੋਤਾਹੈ॥ਜਿਸਤੇਂਇਹਸਰਬਹੈਅਰੁਜੋਇਹ
ਸਰਬਰੂਹੈ॥ਅਰੁਜਿਸਤੇਂਨਸਰਬਹੈਜੋਨਸਰਬਹੈ॥ਜਿਸਤੇਂਨਸਰਬਹੈ॥ਜਿਸਾਵਿਖੇਨਾਇਹਸਰਬਹੈ॥ਐਸ
ਜੋਨਿਰਗੁਣਤਤਹੈਸੋਸਰਬਕਲਨਾਕੇਤਿਆਗਤੇਂਪ੍ਰਾਪਤਿਹੋਤਾਹੈ॥ਤਿਸਕਉਉਪਮਾਕਿਸਕੀਦੀ
ਜੈ॥ਆਤਮਾਅਬਿਨਾਸੀਹੈ॥ਨਿਰਵਿਕਲਪਹੈ॥ਨਿਰਗੁਣਹੈ॥ਇਹਜਗਤਨਾਸਰੂਪਸੰਕਲਪਕਰ
ਰਚਤਭੁਵਣਰੂਪਾ॥ਤਿਸਕੋਕਿਸਪਦਾਰਥਸਾਥਦ੍ਰਿਸਟਾਂਤਦੀਜੈ॥ਅਤੇਵਜੋਦੂਸਰਾਕੋਈਨਹੀ॥ਜੇਤੇ
ਕਛੁਸ੍ਵਾਦਹੈ॥ਤਿਸਕਉਸ੍ਵਾਦਕਰਤਾਉਹੀਹੈ॥ਅਰੁਜੇਤੇਕਛੁਪ੍ਰਕਾਸਹੈ॥ਤਿਨਕਉਪ੍ਰਕਾਸਕਰ
ਤਾਉਹੀਹੈ॥ਸਰਬਕਲਨਾਕਾਕਲਨਾਰੂਪਉਹੀਹੈ॥ਜੇਤੇਕਛੁਪਦਾਰਥਹੈਂਤਿਨਸਭਨਹੁਕਾਅਧਿਸਟਾਨਰੂਪਉਹੀ
ਹੈ॥ਐਸਾਜੋਚਿਦਾਤਮਾਹੈਸੋਚਿਤਰੂਪੀਆਵਰਣਕੇਦੂਰਿਹੂਏਪ੍ਰਾਪਤਿਹੋਤਾਹੈ॥ਅਰੁਸਰਬਪਦਾਰਥਹੁਕੀਸਾਉਹੀ

CC-0 Shri Krishna Museum. An eGangotri-Vedic Bharat Inititative

ਹੈ॥ਤਿਸਵਿਖੇਜੋਬੁਧਵਾਨਜਬਾਇਸਥਿਤਹੋਤਾਹੈ॥ਤਬਜੀਵਨਮੁਕਤਿਹੋਤਾਹੈ॥ਅਰੁਸਰਬਾਇਛਾਆਸਚਰਜ ੬੦੫
ਤੇਪਾਂਨਸੋਹੋਜਾਤੀਹੈ॥ਅਹੰਤ੍ਵੰਆਦਿਕਕਲਪਨਾਮਿਟਜਾਤੀਹੈ॥ਸਰਬਾਵਿਵਹਾਰਾਂਵਿਖੇਸਮਰਹਤਾਹੈ॥ਐਸਾਜੋ
ਮੁਕਤਿਮਨਹੈਸੋਪੁਰਖੋਤਮਹੋਤਾਹੈ॥੭੩॥ਇਤਿਸ੍ਰੀਜੀਵਨਮੁਕਤਿਲਛਣਬਿਧਵਰਨਨਨਾਮਸਰਗਸਮਾਪਤੰ॥
ਸ੍ਰੀਰਾਮਉਵਾਚ॥ ॥ਹੇਪ੍ਰਭੋਜੋਗਕੀਜੁਗਤਿਤੇਤੁਮਹੁਕਹੀ॥ਜਿਸਕਰਿਚਿਤਉਪਸਮਹੋਤਾਹੈ॥ਅਬਜਿਸਕ
ਰਿਆਨਕਾਲਾਭਣਾਕ੍ਰਿਪਾਕਰਿਕੈਕਹੋ॥ਸ੍ਰੀਵਸਿਸਟਉਵਾਚ॥ ॥ਹੇਰਾਮਜੀਇਹਜੋਨਿਸਚਾਹੈਜੋਆਤਮਾਨੰਦਰੂਪਹੈ॥
ਆਦਿਅੰਤਤੇਂਰਹਤਹੈਸਰਬਥਾਪ੍ਰਕਾਸਰੂਪਹੈ॥ਸਰਬਪਰਮਾਤਮਤਤਹੈ॥ਇਸਨਿਸਚੇਕਉਸੰਮਿਕਗਿਆਨਬੁ
ਧੀਸੁਰਕਹਤੇਹੈਂ॥ਅਰੁਇਹਜੋਘਟਪਟਆਦਿਕਸੈਕੜੈਪਦਾਰਥਸਕਤੀਹੈਂ॥ਸੋਸਭਆਤਮਾਪਰਮਾਨੰਦਸ
ਰੂਪਹੈ॥ਇਸਤੇਇਤਰਨਹੀ॥ਐਸਾਜੋਦੇਖਣਾਹੈਸੋਸੰਮਿਕਦੇਖਣਾਹੈ॥ਸਰਬਆਤਮਾਹੈ॥ਨਿਤਸੁਧਹੈ॥ਪਰਮਾ
ਨੰਦਸਰੂਪਹੈ॥ਸਦਾਅਪਣੇਆਪਵਿਖੇਇਸਥਿਤਹੈ॥ਐਸਾਨਿਸਚਾਸੰਮਿਕਗਿਆਨਹੈ॥ਅਰੁਜੋਇਸਤੇਂਇ
ਤਰਹੈਸੋਅਸੰਮਿਕਗਿਆਨਹੈ॥ਹੇਰਾਮਜੀਸੰਮਿਕਦਰਸੀਕਉਮੋਖਹੈ॥ਅਸੰਮਿਕਦਰਸੀਕਉਬੰਧਹੈ॥ਤਿਸਕਉ
ਆਤਮਾਜਗਤਰੂਪਭਾਸਤਾਹੈ॥ਸੰਮਿਕਦਰਸੀਕਉਆਤਮਾਭਾਸਤਾਹੈ॥ਜੈਸੇਜੇਵੜੀਵਿਖੇਅਸੰਮਿਕਦਰਸੀਕਉ
ਸਰਪਭਾਸਤਾਹੈ॥ਸੰਮਿਕਦਰਸੀਕਉਜੇਵੜੀਭਾਸਤੀਹੈ॥ਸਰਬਸੰਵੇਦਨਸੰਕਲਪਤੇਂਰਹਤਸੁਧਸੰਵੇਦਨ
ਪਰਮਾਤਮਾਹੈ॥ਤਿਸਕਉਜੋਜਾਣਤਾਹੈਸੋਪਰਮਾਤਮਾਕੇਜਾਨਣੇਵਾਲਾਬੁਧੀਸੁਰਹੈ॥ਇਸਤੇਂਇਤਰਹੈਸੋਆਦਿ
ਕਹੈ॥ਹੇਰਾਮਜੀਆਤਮਤਤਸਦਾਅਪਣੇਆਪਵਿਖੇਇਸਥਿਤਹੈ॥ਤਿਸਵਿਖੇਦ੍ਵੈਤਕਲਪਨਾਕੋਊਨਹੀ॥ਐ
ਸਾਜੋਜਥਾਭੂਤਦਰਸੀਹੈਸੋਈਦਰਸੀਹੈ॥ਸਰਬਆਤਮਾਪੂਰਣਹੈ॥ਭਾਵਅਭਾਵਬੰਧਮੋਖਕੋਊਨਹੀ॥ਅਨੇਕ

CC-0 Shri Krishna Museum. An eGangotri-Vedic Bharat Inititative

ਹੈਨਦੈਤ੍ਰਹੈ॥ਬ੍ਰਹਮਹੀਅਪਣੇਆਪਾਵਿਖੇਥਇਸਥਿਤਹੈ॥ਜੋਸਰਬਾਚਿਦਾਕਾਸਹੀਹੈ॥ਤਉਬੰਧ ਕਉਨਕਹੀਏਅ
ਰੁਮੋਖਕਉਨਕਹੀਏ॥ਐਸਾਜਿਨਕਉਗਿਆਨਹੈ॥ਤਿਸਕਉਕਾਸ੍ਟਪਾਖਾਣਬ੍ਰਹਮਾਤੇਆਦਿਚੀਟੀਪ੍ਰਜੰਤਸਭ
ਸਮਭਾਸਤਾਹੈ॥ਅਲਪਮਾਤ੍ਰਭੀਭੇਦਨਹੀਭਾਸਤਾ॥ਕਲਪਨਾਕੇਸਨਮੁਖਕੈਸੇਹੋਵੈ॥ਹੇਰਾਮਜੀਵਸਤੂਕੇਆ
ਦੀਅਭੁਅੰਤਜੋਅਨ੍ਵੈਵਿਤਰੇਕਕਰਿਕੈ॥ਸਿਧਹੋਤਾਹੈ॥ਅਰੁਜੋਪਦਾਰਥਕਾਅਭਾਵਹੋਜਾਤਾਹੈ॥ਤਬਭੀਆਤਮ
ਸਤਾਸੇਖਰਹਤੀਹੈ॥ਤੂੰਤਿਸੀਪਰਾਇਣਹੋਇ॥ਜੋਅਬਿਨਾਸੀਅਨਭਵਤਤਹੈ॥ਤਿਸਾਵਿਖੇਥਇਸਥਿਤਹੋ॥ਉਹ
ਅਨਭਵਸਤਾਜਗਤਰੂਪਹੋਕਰਿਭਾਸਤੀਹੈ॥ਜਰਾਮਰਣਆਦਿਕਜੋਨਾਨਾਪ੍ਰਕਾਰਕੇਵਿਕਾਰਅਵਸਤੂਹੋਇਭਾ
ਸਤੇਹੈਂ॥ਜੋਏਕਆਤਮਤਤਅਪਣੇਆਪਾਵਿਖੇਪੜ੍ਹਾਫੁਰਤਾਹੈ॥ਜੈਸੇਜਲਾਵਿਖੇਦ੍ਰਵਤਾਕਰਿਕੈਨਾਨਾਪ੍ਰਕਾਰਕੇਤਰੰ
ਗਬੁਦਬੁਦੇਹੋਤੇਹੈਂ॥ਸੋਜਲਹੀਰੂਪਹੈ॥ਇਤਰਕਛੁਨਹੀ॥ਤੈਸੇਚਿਤਕੇਫੁਰਣੇਕਰਿਕੈਆਤਮਾਵਿਖੇਨਾਨਾਪ੍ਰਕਾਰਕੇ
ਪਦਾਰਥਭਾਸਤੇਹੈਂ॥ਸੋਆਤਮਰੂਪਹੈਂ॥ਇਤਰਕਛੁਨਹੀ॥ਆਤਮਤਤਹੀਅਪਣੇਆਪਾਵਿਖੇਥਇਸਥਿਤਹੈ॥ਜਬ
ਤਿਸਾਵਿਖੇਥਇਸਥਿਤਹੋਤਾਹੈ॥ਤਬਬਹੁੜਦੀਨਨਹੀਹੋਤਾ॥ਜੋਪੁਰਖਦ੍ਰਿੜਵਿਚਾਰਵਾਨਹੈ॥ਸੋਭੋਗਾਂਕਰਿਚਲ
ਾਇਮਾਨਨਹੀਹੋਤਾ॥ਜੈਸੇਮੰਦਪਵਨਕਰਿਕੈਸੁਮੇਰਨਹੀਚਲਾਇਮਾਨਹੋਤਾ॥ਅਰੁਜੋਅਗਿਆਨੀਹੈਂ॥ਵਿਚਾਰਤੇਂਰਹ
ਤਮੂੜਹੈ॥ਤਿਨਕਉਭੋਗਗ੍ਰਾਸਲੇਤੇਹੈ॥ਜੈਸੇਜਲਤੇਰਹਤਾਮਛੀਕਉਬਗੁਲਾਗ੍ਰਾਸਲੇਤਾਹੈ॥ਜਿਨਕਉਸਰਬ
ਆਤਮਾਹੀਭਾਸਤਾਹੈ॥ਜੋਭਾਸਤਾਹੈ॥ਸੋਸੀਮਕਦਰਸੀਪੁਰਖਕਹੀਤੇਹੈ॥ਉਹੀਮੁਕਤਿਰੂਪਹੈ॥੭੪॥ ਇਤਿਸ੍ਰੀ
ਮਹਾਰਾਮਾਇਣਨਿਰਬਾਣਪ੍ਰਕਰਣਸਰਗਾ ॥ ਦੋਸੈਛੇਵਾਂ ॥ ॥ਹੇਰਾਮਜੀਜੋਵਿਵੇਕੀਪੁਰਖਹੈ॥ਸੋਨਿਕਟਿਆਇ
ਪ੍ਰਾਪਤਿਹੂਏਭੋਗਾਂਵਿਖੇਇਛਾਨਹੀਕਰਤਾ॥ਜੈਸੇਸੁੰਦ੍ਰਕਮਲਨੀਚਿਤ੍ਰਕੀਲਿਖੀਹੂਈਨਿਕਟਿਭੀਆਇਪ੍ਰਾਪ

CC-0 Shri Krishna Museum. An eGangotri-Vedic Bharat Inititative

ਹਤਿਹੈ॥ਤਬਭੀਭਵਰੇਉਸਕੀਇਛਾਨਹੀਕਰਤੇ॥ਕ੍ਯੋਂਹਿਤੇਜੋਅਰਥਬੁਧਾਭਿਮਾਵਿਖੈਨਹੀਹੋਤੀ॥ਐਸੇਸੋਵਿਵੇਕੀ ੯੬
ਕਉਭੋਗਨ੍ਹਾਵਿਖੇਅਰਥਬੁਧਨਹੀਹੋਤੀ॥ਹੇਰਾਮਜੀਸੁਖਦੁਖਕੀਪ੍ਰਾਪਤੀਵਿਖੇਅਰੁਨਿਵਰਤਾਵਿਖੇਇਛਾਤ
ਬਲਗਹੋਤੀਹੈ॥ਜਬਲਗਦੇਹਅਭਿਮਾਨਹੋਤਾਹੈ॥ਜਬਦੇਹਅਭਿਮਾਨਨਿਵਰਤਭਯਾਤਬਕਛੁਇਛਾਨ
ਹੀਹੋਤੀ॥ਹੇਰਾਮਜੀਮਮਤਾਕਰਿਕੈਇਸਕਉਦੁਖਹੋਤਾਹੈ॥ਜੋਰੂਪਕਉਨੇਤ੍ਰਦੇਖਤੇਹੈਂ॥ਤਿਸਕਉਇਸਾਸ
ਕਾਰਿਇਹਪ੍ਰਸੰਨਹੋਤਾਹੈ॥ਅਰੁਅਨਿਸਮਾਨਕਾਰਿਦੋਖਕਰਤਾਹੈ॥ਜੈਸੇਬਲਦਭਾਰਬਾਧਕਚੇਸ੍ਟਾਕਰਤਾਹੈ,
ਉਸਕਉਲਾਹਤੇਟਕਛੁਨਹੀਹੋਤਾ॥ਜਿਸਕਉਉਸਵਿਖੇਮਮਤਹੋਤਾਹੈਉਹਲਾਹੋੜੇਤਾਵਿਖੇਹਰਖਸੋਕ
ਕਰਤਾਹੈ॥ਤੈਸੇਮਮਤਕਾਰਿਕੈਇੰਦ੍ਰੀਅਹੁਕੇਵਿਖੇਅਹੰਮੋਇਹਹਰਖਸੋਕਵਾਨਹੋਤਾਹੈ॥ਜੈਸੇਨਗਰਧਬਾਹਿ
ਕਣ੍ਹਾਵਿਖੇਰੂਖੋ॥ਅਰੁਰਾਜਾਕਹੈਮੇਰਨਗਰਕਾਗਰਧਬਰੂਖਾਹੈ॥ਚਿਕਣ੍ਹਾਵਿਖੇ॥ਐਸੇਮਮਤਮਾਨਕਾਰਿਸੋਕ
ਕਰੈ॥ਤੈਸੇਇੰਦ੍ਰੀਅਹੁਵਿਖੇਮਮਤਕਾਰਿਕੈਇਹਦੁਖਪਾਵਤਾਹੈ॥ਨਹੀਤੋਨਗਰਧਬਾਹਿਕਣ੍ਹਾਵਿਖੇਰੂਖੇਤੋਰਾਜ
ਕਾਕਿਆਨਸਹੋਤਾਹੈ॥ਹੇਰਾਮਜੀਇਹਇੰਦ੍ਰੀਆਂਤੋਅਪਣੇਵਿਖਿਅਹੁਕਉਗ੍ਰਹਣਕਰਤੀਆਂਹੈਂ॥ਇਨ
ਹੁਵਿਖੇਜੀਵਤਪਾਇਮਾਨਹੋਤਾਹੈ॥ਸੋਆਸਚਰਜਹੈ॥ਜਿਨਾਵਿਖਿਅਹੁਕੀਇਹਇਛਾਕਰਤਾਹੈ॥ਸੋਖਿਣ
ਵਿਖੇਨਸਟਹੋਜਾਤੇਹੈਂ॥ਹੇਰਾਮਜੀਜੋਮਾਰਗਾਵਿਖੇ॥ਕਿਸੀਨਾਲਸਨੇਹਹੋਜਾਤਾਹੈ॥ਮਮਤਾਪਿਆਰਕਰਭੀਦੁਖ
ਹੋਤਾਹੈ॥ਜੋਦੇਹਾਵਿਖੇਮਮਤਕਰੈਗਾ॥ਤਿਸਕਉਦੁਖਕਿਉਂਨਹੋਵੈਗਾ॥ਭਾਵੇਂਕੈਸਾਬੁਧਵਾਨਹੋਵੈ॥ਸੁਰਮਾਹੋਵੈਤ
ਉਭੀਸੰਗਕਾਰਿਬੰਧਾਇਮਾਨਹੋਵੈਗਾ॥ਇਹਅਰਥਹੈ॥ਜੋਇੰਦ੍ਰੀਅਹੁਕੇਵਿਖਿਅਹੁਕਉਅਹੰਭਾਵਕਾਰਿਕੈਗ੍ਰਹ
ਣਕਰੈਗਾ॥ਤਉਉਨਕੇਨਾਸਹੋਣੇਕਾਰਿਇਹਭੀਨਾਸਹੋਵੈਗਾ॥ਜਿਨਹੁਨੇਤ੍ਰਹੁਕਾਵਿਖਾਰੂਪਹੈ॥ਸੋਨੇਤ੍ਰਰੂਪਕਉਸਾ

CC-0 Shri Krishna Museum. An eGangotri-Vedic Bharat Inititative

ਖੀਹੋਕਰਿਗ੍ਰਹਣਕਰਤੇਹੈਂ॥ਅਰੁਇਹਐਸਾਮੂਰਖਹੈਜੋਅਉਰਹੁਕੇਧਰਮਆਪਵਿਖੇਮਾਨਲੇਤਾਹੈ॥ਅ
ਗ੍ਯਾਨਿਨਹੁਵਿਖੇਤਪਾਇਆਨਹੋਤਾਹੈ॥ਜੈਸੇਭ੍ਰਮਾਦਿਸ੍ਟਕਰਿਕੈਆਕਾਸਵਿਖੇਮੋਰਪੂਛਵਤਤਰਵਰਭਾਸ
ਤੇਹੈ॥ਅਰੁਦੂਸਰਾਚੰਦ੍ਰਮਾਦ੍ਰਿਸ੍ਟਆਵਤਾਹੈ॥ਤੈਸੇਮੂਰਖਤਾਕਰਿਕੈਇੰਦ੍ਰੀਅਹੁਕੇਧਰਮਅਪਣੇਵਿਖੇ
ਭਾਸਤੇਹੈ॥ਜੈਸੇਇੰਦ੍ਰੀਆਂਸਾਖੀਹੋਇਕਰਿਵਿਖਿਅਹੁਕਉਗ੍ਰਹਣਕਰਤੀਆਂਹੈਂ॥ਤੈਸੇਚਿਤਭੀਆਭਿ
ਮਾਨਤੇਂਰਹਿਤਸਾਖੀਹੋਕਰਿਗ੍ਰਹਣਕਰੈ॥ਤਬਰਾਗਦ੍ਵੇਖਕਰਿਤਪਾਇਆਨਹੋਵੈ॥ਜੈਸੇਜਲਵਿਖੇਤ
ਰੰਗਚਕ੍ਰਫੁਰਤੇਦ੍ਰਿਸ੍ਟਆਵਤੇਹੈਂ॥ਤੈਸੇਆਤਮਾਵਿਖੇਅਹੰਕਾਰਆਦਿਕਫੁਰਤੇਦ੍ਰਿਸ੍ਟਆਵਤੇਹੈ॥
ਸਬਦਰੂਪਆਦਿਕਇੰਦ੍ਰੀਅਹੁਕੇਵਿਖੇਅਰੁਇੰਦ੍ਰੀਆਂਫੁਰਿਆਵਤੀਆਂਹੈਂ॥ਅਰੁਆਧਾਰਅਧੇਇਕ
ਈਇਨਕਾਸਿਧਿਹੋਤਾਹੈ॥ਅਰੁਚਿਤਇਨਕੇਸਾਥਿਮਿਲਿਕਰਿਵਿਆਕੁਲਹੋਤਾਹੈ॥ਰੂਪਇੰਦ੍ਰੀਅਰੁ
ਮਨਇਨਕਾਪਰਸਪਰਅਸੰਗਭਾਵਹੈ॥ਜੈਸੇਮੁਖਅਰੁਦਰਪਣਅਰੁਪ੍ਰਤਿਬਿੰਬਅਸੰਗਭਿੰਨਭਿੰਨਹੈ॥
ਤੈਸੇਇਹਭਿੰਨਭਿੰਨਹੈ॥ਪਰੁਅਗਿਆਨਕਰਿਕੈਮਿਲੇਹੂਏਭਾਸਤੇਹੈ॥ਜੈਸੇਲਾਖਕਰਿਕੈਸੋਨਰੂਪਾਹੂ
ਨੀਕਾਸੰਜੋਗਹੋਤਾਹੈ॥ਤੈਸੇਅਗਿਆਨਕਰਿਕੈਰੂਪਅਵਲੋਕਮਨਸਕਾਰਕਾਸੰਜੋਗਹੋਤਾਹੈ॥ਜਬ
ਗਿਆਨਰੂਪੀਅਗਨਿਸਾਥਿਅਗਿਆਨਰੂਪੀਲਾਖਜਲਿਜਾਵੈ॥ਤਬਪਰਸਪਰਭਿੰਨਭਿੰਨਹੋਜਾ
ਤੇਹੈ॥ਬਹੁੜਿਕਿਸੀਕਾਦੂਖਕਿਸੀਕਉਨਹੀਲਾਗਤਾ॥ਜੈਸੇਟੂਟੀਲਕੜੀਕਾਲਾਖਕਰਿਗੰਢਹੋਤਾਹੈ॥
ਤੈਸੇਅਗਿਆਨਕਰਿਕੈਦ੍ਵੈਖੇਇੰਦ੍ਰੀਆਂਮਨਕਾਸੰਜੋਗਹੋਤਾਹੈ॥ਗਿਆਨਰੂਪੀਅਗਨਿਕਰਿਕੈਵਿਛੜ
ਜਾਤੇਹੈ॥ਤਬਬਹੁੜਨਹੀਮਿਲਤੇ॥ਜੈਸੇਭਿੰਨਭਿੰਨਮਣਕਿਅਹੁਕਉਸੂਤ੍ਰਕੀਤਾਗਇਕਤ੍ਰਕਰਤੀਹੈ॥

CC-0 Shri Krishna Museum. An eGangotri-Vedic Bharat Inititative

ਤੈਸੇਜੇਦੇਹਇੰਦ੍ਰੀਆਂਦੁਦ੍ਰਿਸ਼ਟਿਆਹੁਕਉਆਗਿਆਸਏਕੜਕਰਤਾਹੈ।ਤੈਸੇਜਥਾਵਿਚਾਰਕਰਿਕੈਆਭਿ ੬੦੭
ਆਸਰੂਪੀਤਾਗਾਰੂਟਪੜੇ।ਤਬਭਿੰਨਭਿੰਨਹੋਜਾਵੈਬਹੁੜੀਮਿਲੈਨਹੀ।ਹੇਰਾਮਜੀਜਿਨਪੁਰਖਹੁਕਉ
ਆਤਮਾਵਿਚਾਰਪ੍ਰਾਪਤਿਭਾਇਆਹੈ।ਸੋਐਸੇਵਿਚਾਰਕਰਤੇਹੈਂ।ਜੋਹਮਕਉਦੁਖਦੇਣੇਵਾਲਾਚਿਤਥਾ
ਸੋਚਿਤਕੇਨਾਸਹੂਏਆਨੰਦਭਾਇਆ।ਜੈਸੇਜੋਮੰਦਿਰਾਵਿਖੇਦੁਖਦੇਣੇਵਾਲਾਪਿਸਾਚਰਹਤਾਹੈ।ਸੋਮੰਦਿਰਨ
ਹੀਦੁਖੁਦੇਤਾ।ਪਿਸਾਚਦੁਖੁਦੇਤਾਹੈ।ਤੈਸੇਸਰੀਰਰੂਪੀਮੰਦਿਰਾਵਿਖੇਦੁਖੁਦੇਣੇਵਾਲਾਚਿਤਹੈ।ਹੇਰਿਤ
ਤੁਝੈਮਿਥਿਆਦੁਖਮੁਝਕਉਦੀਆਥਾ।ਅਬਮੈਆਪਕਉਜਾਣਿਆਹੈ।ਤੂੰਆਦਿਭੀਤੁਛਥਾ।ਅਰੁਅੰਤਭੀਤੁਛ
ਹੈਂ।ਵਰਤਮਾਨਭੀਤੁਝਮਿਥਿਆਜੀਵਹੁਕਉਦੁਖੁਦੀਆਥਾ।ਜੈਸੇਮਿਥਿਆਪਛਾਂਵਾਂਬਾਲਕਕਉਬੈਤਾਲਹੋਕ
ਰਿਦੁਖੁਦੇਤਾਹੈ।ਤੈਸੇਤੂੰਮਿਥਿਆਜਗਤਕਉਦੁਖੁਦੇਤਾਹੈਂ।ਬੜਾਆਸਚਰਜਹੈ।ਰੇਚਿਤਤੂੰਤਬਲਗਦੁਖਦੇ
ਤਾਹੈਂ।ਜਬਲਗਆਤਮਸਰੂਪਕਉਨਹੀਜਾਣਿਆ।ਜਬਆਤਮਾਸਰੂਪਕਾਗਿਆਨਭਾਇਆ।ਤਬਤੂੰਕ
ਹੂੰਦ੍ਰਿਸ਼ਟਿਨਆਵੈਗਾ।ਤੂੰਤੋਮਾਇਆਮਾੜਹੈਂ।ਅਬਤੂੰਰਹੁ।ਅਥਵਾਜਾਇ।ਮੈਂਅਬਤੁਝਸੋਮੋਹਤਨਹੀਹੋਤਾ।
ਤੂੰਤੋਮੂਰਖਹੈਂ।ਅਰੁਜੜਹੈਂ।ਮ੍ਰਿਤਕਹੈਂ।ਤੇਰਾਅਕਾਰਤੋਅਵਿਚਾਰਤਾਸਿਧਹੈ।ਅਬਮੈਂਪੂਰਬਲਾਸਰੂਪਪਾਇਆ
ਹੈ।ਤੂੰਅਨਿਸਤਸਰੂਪਹੈਂ।ਭ੍ਰਾਂਤਰੂਪਹੈਂ।ਸਵਹੈਂ।ਜੋਮੂੜਹੈਂ।ਸੋਤੁਝਕਾਰਿਮੋਹਤਹੋਤੇਹੈਂ।ਵਿਚਾਰਵਾਨਮੋਹਤਨਹੀਹੋ
ਤੇ।ਜੈਸੇਦੀਪਕਕਰਿਕੈਅੰਧਕਾਰਦ੍ਰਿਸ਼ਟਿਨਹੀਆਵਤਾ।ਤੈਸੇਗਿਆਨਕਰਿਕੈਤੂੰਨਹੀਦ੍ਰਿਸ਼ਟਿਆਵਤਾ।ਹੇਮੂਰ
ਖਚਿਤਤੂੰਬਹੁਤਕਾਲਇਸਦੇਹਰੂਪੀਗ੍ਰਿਹਵਿਖੇਰਹਾਹੈਂ।ਅਰੁਤੂੰਬੈਤਾਲਰੂਪਹੈਂ।ਜੈਸੇਸੂੰਞਾਵਿੜਾਇਸਥਾਨ
ਵਿਖੇਬੈਤਾਲਰਹਤਾਹੈ।ਜਹਾਂਮਸਾਣਆਦਿਕਾਇਸਥਾਨਹੋਤੇਹੈਂ।ਤੈਸੇਸਤਸੰਗਤੇਰਹਤਦੇਹਰੂਪੀਗ੍ਰਿਹਹੈ

CC-0 Shri Krishna Museum. An eGangotri-Vedic Bharat Inititative

ਸਿਮਸਾਣਕੇਸਮਾਨਹੈ॥ਉਸਦਾਆਪਵਿਤ੍ਰਹੈ॥ਤਹਾਂਤੇਤੇਰੇਰਹਣੇਕਾਇਸਥਾਨਹੈ॥ਅਰੁਜਹਾਂਸੰਤਉਕਾਨਿਵਾਸ
ਹੋਤਾਹੈ॥ਤਹਾਂਤੂਮਸਾਰਖੇਨਹੀਨਉਂਡ੍ਰਪਾਵਤੇ॥ਸੋਅਬਮੇਰੀਦੇਹਰੂਪੀਗ੍ਰਹਵਿਖੇਸੁਭਗਿਆਨਸੰਤੋਖਆਦਿ
ਕਸੰਤਜਨਆਨਿਇਸਥਿਤਹੂਏਹੈ॥ਤੇਰੇਵਸਣੇਕਾਠਉਰਨਹੀ॥ਹੇਚਿਤਪਿਸਾਚਤੂੰਪੂਰਬਝਿਸਨਾਰੂਪੀਪਿਸ
ਚਨੀਅਰੁਕਾਮਕ੍ਰੋਧਆਦਿਕਗੁਹਜਕਸਾਥਲੇਕਰਿਚਿਰਪਰਜੰਤਵਿਚਰਿਆਥਾ॥ਅਬਿਵਿਵੇਕਰੂਪੀਮੰ
ਤ੍ਰਕਾਰਕੈਮੈਤੁਝਕਉਨਿਕਾਸਿਆਹੈ॥ਤਬਕਾਲਿਆਣਹੂਆਹੈ॥ਹੇਚਿਤਪਿਸਾਚਤੂੰਪਰਮਾਦਰੂਪੀਮਦ
ਰਾਪਾਨਕਾਰਕੈਮਤਹੂਆਥਾ॥ਅਰੁਚਿਰਪ੍ਰਜੰਤਨਿਰਤਕਰਤਾਥਾ॥ਵਿਵੇਕਰੂਪੀਮੰਤ੍ਰਕਾਰਕੈਅਬਿਤੁਝਕਉ
ਕਾਢਿਆਹੈ॥ਦੇਹਰੂਪੀਕੰਦਰਾਅਬਸੁਧਭਈਹੈ॥ਅਰੁਸੁਧਪੁਰਖੁਆਨਨਿਵਾਸਕਰੈਗਾ॥ਜੈਸੇਸਿੰਘਕੰ
ਦਰਾਸੋਨਿਕਸਜਾਤਾਹੈ॥ਤਬਮੁਨੀਸ੍ਵਰਆਇਨਿਵਾਸਕਰਤੇਹੈ॥ਤੈਸੇਈਹਾਂਸੁਧਭਾਵਪ੍ਰਵੇਸਕਰੈਗਾ॥ਹੇਚਿ
ਤਮੈਂਤੁਝਕਉਵਿਵੇਕਰੂਪੀਮੰਤ੍ਰਕਾਰਕੈਵਸਿਕੀਆਹੈ॥ਕਹੁਦੇਖਾਅਬਿਤੇਰਾਕਿਆਪ੍ਰਕ੍ਰਮਹੈ॥ਤਬਲਗ
ਤੂੰਦੁਖਦੇਤਾਥਾ॥ਜਬਵਿਚਾਰਰੂਪੀਮੰਤ੍ਰਮੈਂਪਾਇਆਨਥਾ॥ਅਬਤੇਰਾਬਲਕਛੁਨਹੀਚਲਤਾ॥ਅਬ
ਮੈਂਕੇਵਲਭਾਵਵਿਖੇਇਸਥਿਤਹੋ॥ਆਗੇਭੀਮੈਂਤੁਝਕਉਜਗਾਵਤਾਥਾ॥ਜੈਸੇਕਚੇਮੰਤ੍ਰਵਾਲਾਸਵਕਉਜਗ
ਵਤਾਹੈ॥ਅਰੁਆਪਕਸਟੁਪਾਵਤਾਹੈ॥ਤੈਸੇਮੈਂਤੁਝਕਉਜਗਾਇਕਾਰਕਸਟੁਪਾਵਤਾਥਾ॥ਅਬਿਮੈਂਪਰਪਕਆ
ਤਮਾਵਿਚਾਰਰੂਪੀਮੰਤ੍ਰਕਾਰਿਵਸਿਕੀਆਹੈ॥ਅਬਿਸਾਂਤਵਾਨਹੂਆਹੋ॥ਮਮਤਾਅਰੁਮਾਨਮੇਰੇਕਛੁਨਹੀ॥ਮੋਹ
ਅਹੰਕਾਰਅਬਿਨਸਟਹੋਇਗਇਆਹੈ॥ਇਸਕਾਕਲੰਕਭੀਨਸਟਹੋਗਇਆਹੈ॥ਮੈਂਕ੍ਰਿਤਾਕ੍ਰਿਤਾਨਿਤਾਵਿਮਲਨਿ
ਰਵਿਕਲਪਚੈਤੰਨਆਤਮਾਹੋ॥ਮੇਰੀਮੁਝਹੀਕਉਨਮਸਕਾਰਹੈ॥ਮੇਰੇਵਿਖੇਕੋਊਆਸਾਹੈਨਕਰਮਹੈ॥ਨ

CC-0 Shri Krishna Museum. An eGangotri-Vedic Bharat Inititative

ਸੰਸਾਰ ਹੈ ਸਕਰ ਤਤ ਹੈ।ਨਿਰਭੌਗਤ ਤਸਦੇਵ ਹੈ।ਐਸਾ ਜੋ ਨਿਰਗੁਣ ਰੂਪ ਆਤਮਾ ਹੈ ਸੋ ਮੇਰਾ ਮੁਝ ਕਉ ਨਮਸ
ਕਾਰ ਹੈ।ਜੋ ਕੇਵਲ ਆਤਮਾ ਹੈ ਨ ਅਨਾਤਮਾ ਹੈ।ਅਰ ਹੈ ਨ ਵਹੁ ਹੈ।ਕਿਸੀ ਸਬਦ ਕਾ ਪ੍ਰਵੇਸ ਨਹੀ।ਐਸਾ ਜੋ ਨਿਰ
ਧਮੈ ਹੈ ਸੋ ਮੇਰਾ ਮੁਝ ਕਉ ਨਮਸਕਾਰ ਹੈ।ਜੋ ਰੂਪ ਤੇ ਹੈ ਪ੍ਰਕਾਸ ਰੂਪ ਹੈ।ਨਿਰਮਲ ਆਤਮਾ ਹੈ।ਅਪਣੇ ਆਪ ਵਿ
ਖੇ ਇਸਥਿਤ ਹੈ।ਐਸਾ ਜੋ ਮੈ ਆਤਮਾ ਹੌ ਸੋ ਮੇਰਾ ਮੁਝ ਕਉ ਨਮਸਕਾਰ ਹੈ।ਨਿਰਵਿਕਾਰ ਹੌ ਨਿਤ ਹੌ।ਨਿਰਆ
ਸ ਹੌ।ਸਰਬ ਕਾਰਜ ਜਹਾ ਵਿਖੇ ਅਨਸੂਤ ਹੈ।ਅਸਿ ਅਸੀ ਭਾਵ ਤੇ ਰਹਿਤ ਹੈ।ਐਸਾ ਸਰਬਾਤਮਾ ਜੋ ਮੈ ਹੌ ਮੇਰਾ
ਮੁਝ ਕਉ ਨਮਸਕਾਰ ਹੈ।ਸਮ ਹੌ ਸਰਬਗਤ ਹੌ ਸੁਖ ਮੋ ਹੈ।ਅਪਣੇ ਸਮ ਭਾਵ ਵਿਖੇ ਇਸਥਿਤ ਹੈ।ਮੇਰਾ ਮੁਝ ਕ
ਉ ਨਮਸਕਾਰ ਹੈ।ਪ੍ਰਿਥਵੀ ਪਰਬਤ ਸਮੁੰਦ੍ਰ ਆਕਾਸ ਪਰਬਤ ਆਦਿਕ ਜਗਤ ਮੈਂ ਨਹੀ।ਅਰੁ ਮੈਂ ਹੀ ਸਰਬ
ਪਦਾਰਥ ਹੋਇ ਕਾਰਿ ਭਾਸਤਾ ਹੌ।ਐਸਾ ਜੋ ਮੈ ਆਤਮਾ ਹੌ ਸੋ ਮੇਰਾ ਮੁਝ ਕਉ ਨਮਸਕਾਰ ਹੈ।ਅਬ ਮੈਂ ਸਰਬ ਭਾ
ਵ ਕਉ ਪ੍ਰਾਪਤਿ ਹੂਆ ਹੌ।ਅਨਨ ਭਾਵ ਮੁਝ ਸੌ ਦੂਰ ਭਇਆ ਹੈ।ਮੇਰੇ ਪ੍ਰਕਾਸ ਕਾਰਿ ਵਿਸ੍ਵ ਭਾਸਤੀ ਹੈ।ਅਜਰ
ਅਮਰ ਅਨੰਤ ਹੌ।ਗੁਣ ਅਤੀਤ ਅਦ੍ਵੈਤ ਹੌ।ਐਸੇ ਮੁਝ ਕਉ ਮੇਰਾ ਨਮਸਕਾਰ ਹੈ।ਦੂਰ ਭਇਆ ਹੈ ਮਨਨ
ਜੈਸ ਤੇ।ਐਸਾ ਮੈਂ ਸਮ ਕਾਰਿ ਸੁੰਦ੍ਰ ਹੌ।ਕੈਸਾ ਹੌ ਪ੍ਰਗਟ ਹੈ।ਵਿਸ੍ਵ ਜਿਸ ਵਿਖੇ।ਅਰੁ ਸਰੂਪ ਤੇ ਆ ਵਿਸ੍ਵ ਰੂ
ਪ ਹੌ।ਅਨੰਤ ਅਜਰ ਅਮਰ ਗੁਣਾਤੀਤ ਅਚੁਤ ਜੋ ਈਸ੍ਵਰ ਰੂਪ ਹੈ।ਤਿਸ ਕਉ ਨਮਸਕਾਰ ਹੈ।੭੫॥
ਇਤਿ ਸ੍ਰੀ ਜੋਗ ਬਾਸਿਸਟ ਨਿਰਬਾਣ ਪ੍ਰਕਰਣੇ ... ਉਪਦੇਸ ਨਾਮ ... ॥ ... ॥ ਹੇ ਰਾਮ ਜੀ ਇਸ ਪ
ਕਾਰ ਵਿਚਾਰ ਵਿਚਾਰ ਕਾਰਿ ਤਤ ਵੇਤੇ ਆਤਮਾ ਕਉ ਆਸਿ ਮਕਾਰਿ ਜਾਣਤੇ ਹੈ।ਤੂੰ ਭੀ ਇਸ ਵਿਚਾਰ ਕਉ ਆਸ੍ਰੈ ਕਾਰਿ
ਕੈ ਆਤਮ ਪਦ ਕਉ ਪ੍ਰਾਪਤਿ ਹੋ।ਇਹ ਸਭੁ ਜਗਤ ਆਤਮਾ ਹੈ।ਐਸੇ ਜਾਣ ਕਾਰਿ ਚਿਤ ਸੌ ਜਗਤ ਕੀ ਸਤਤਾ ਤਿ

CC-0 Shri Krishna Museum. An eGangotri-Vedic Bharat Inititative

ਆਗੈਕਹਾ।ਜਬਐਸੋਵਿਚਾਰੈਗਾ।ਤਬਚਿਤਕਹਾਂਹੈ।ਬਡਾਆਸਚਰਜਹੈ।ਜੋਚਿਤਵਸਤੂਰੂਪਹੀਦਿਖਾਈ ੭੬
ਦੇਤਾਥਾ।ਸੋਚਿਤਅਵਿਦਕਹੈ।ਮਾਈਆਮਾਈਅਸਤਰੂਪਥਾ।ਜੈਸੇਆਕਾਸਫੂਲਕਹਣੇਮਾਤ੍ਰਹੈਪਰੁਹੈਨਹੀ।
ਤੈਸੇਚਿਤਕਹਣੇਮਾਤ੍ਰਹੈ।ਅਵਿਚਾਰਕਰਿਕੈਪਦਾਰਥਦਿਖਾਈਦੇਤਾਹੈ।ਵਿਚਾਰਵਾਨਕਉਚਿਤਅਸਤਭਾਸਤਾਹੈ।ਕ
ਹੇਤੇਂਜੋਅਵਿਚਾਰਤਾਸਿਧਹੈ।ਜੈਸੇਨਉਕਾਪਰਬੈਠੇਤੇਂਬਾਲਕੁਜਾਣਤਾਹੈ।ਜੋਤਟਕੇਬ੍ਰਿਛਚਲੇਜਾਤੇਹੈ।ਬੁਧਵਾਨਕਉ
ਚਲਣੇਕਾਸਦਭਾਵਨਹੀਭਾਸਤਾ।ਤੈਸੇਮੂਰਖਕਉਚਿਤਸਤਭਾਸਤਾਹੈ।ਵਿਚਾਰਵਾਨਕਾਚਿਤਨਾਸਹੋਜਾਤਾਹੈ।
ਜਬਮੂਰਖਤਾਮੋਹਭ੍ਰਮਸਾਂਤਹੂਆ।ਤਬਚਿਤਕਹੂੰਨਹੀਪਾਈਤਾ।ਜੈਸੇਬਾਲਕਚਕ੍ਰਪਰਚੜ੍ਹਾਫਿਰਤਾਹੈ
ਤਬਪਰਬਤਆਦਕਪਦਾਰਥਭ੍ਰਮਤੇਦ੍ਰਿਸਟਆਵਤੇਹੈ।ਜਬਚਕ੍ਰਠਹਰਜਾਤਾਹੈ।ਤਬਪਰਬਤਆਦਿਕਪਦਾ
ਰਥਅਚਲਭਾਸਤੇਹੈ।ਤੈਸੇਚਿਤਕੇਠਹਰਣੇਕਰਿਦ੍ਵੈਤਕਛੁਨਹੀਭਾਸਤਾ।ਆਗੇਮੂੜ੍ਹਕਉਦ੍ਵੈਤਭਾਸਤਾਥਾ।ਸੋ
ਚਿਤਕੇਫੁਰਣੇਕਰਿਨਾਨਾਪ੍ਰਕਾਰਕੀਇਛਾਉਠਤੀਥੀ।ਅਬਚਿਤਕੇਨਾਸਹੂਏਇਨਪਦਾਰਥਹੂਕੀਭਾਵਨਾਭੀਨਾਸ
ਭਈਹੈ।ਸੰਦੇਹੂੰਸੰਬੂਧਮੇਰੇਨਾਸਭਏਹੈ।ਅਬਵਿਗਤਜ੍ਵਰਗਇਸਾਥਿਤਹੌ।ਜੈਸੋਇਸਾਥਿਤਹੋਵੈਤੈਸੇਹੋਵੋ।ਈਖਣ
ਕੇਊਨਹੀ।ਜਬਚਿਤਕਾਚੇਤਭਾਵਨਾਸਹੂਆਤਬਇਛਾਆਦਿਕਗੁਣਕਹਾਂਰਹੈ।ਜੈਸੇਪ੍ਰਕਾਸਕੇਨਾਸਹੂਏਵਰਨ
ਗਿਆਨਕਛੁਨਰਹਤਾ।ਤੈਸੇਚਿਤਕੇਨਾਸਹੂਏਇਛਾਦਿਕਨਹੀਰਹਤੇ।ਅਬਚਿਤਮ੍ਰਿਤਕਹੂਆ।ਤ੍ਰਿਸਨਾਨਾਸਹੋ
ਗਈ।ਮੋਹਕਾਪਿੰਜਰਟੂਟਪੜਾ।ਅਬਮੈਂਨਿਰਹੰਕਾਰਹੌ।ਬੋਧਵਾਨਹੌ।ਸਭਜਗਤਸਾਂਤਰੂਪਆਤਮਾਹੈ।ਅਉ
ਰਨਾਨਤਕਛੁਕਛੁਨਹੀ।ਮੈਂਨਿਰਾਭਾਸਆਦਿਅੰਤਤੇਰਹਤਆਨੰਦਪਦਕਉਪ੍ਰਾਪਤਿਹੂਆਹੌ।ਸਰਬਜਗਤ
ਸੂਖਮਐਸਾਜੋਆਤਮਤਤਅਪਣਾਆਪਹੈ।ਤਿਸਾਵਿਖੇਮੈਂਨਿਰਭਰਾਇਸਾਥਿਤਹੌ।ਇਨਵਚਨਹੁਸਾਥਅਬਮੁਝ

CC-0 Shri Krishna Museum. An eGangotri-Vedic Bharat Inititative

ਹੋਇਆਹੈ॥ਜਬਮੈਂਦੇਹਆਪਕੋਜਾਣਤਾਥਾਤਬਮੂਰਖਅਵਸਥਾਵਿਖੇਥਾ॥ਇਹਵਿਚਾਰਥੇ॥ਅਬਮੈਂ ੬੦੫
ਅਮਾਤਅਕਾਰਕੋਪ੍ਰਾਪਤਿਹੂਆਹੈ॥ਕੇਵਲਪਰਮਬ੍ਰਹਮਸਚਿਦਾਨੰਦਪਦਕਉਪ੍ਰਾਪਤਿਹੂਆ॥ਕਿਸਕਾ
ਵਿਚਾਰਕੀਆ॥ਆਗੇਮੈਂਚਿਤਰੂਪੀਬੈਤਾਲਕਉਆਪਹੀਜਗਾਵਤਾਥਾ॥ਅਰੁਆਪਹੀਦੁਖੀਹੋਤਾਥਾ॥
ਅਬਵਿਚਾਰਰੂਪੀਮੰਤ੍ਰਕਾਰਿਕੈਮੈਂਇਸਕਉਨਸਟਕੀਆਹੈ॥ਅਰੁਨਿਰਵੈਕਰਕੇਅਪਣੇਸਰੂਪਕੋਪ੍ਰਾਪਤਿ
ਭਇਆਹੈ॥ਸਾਂਤਆਤਮਾਅਪਣੇਆਪਵਿਖੇਇਸਥਿਤਹੈ॥ਹੇਰਾਮਜੀ॥ਜਿਨਕਉਇਹਨਿਸਚਾਪ੍ਰਾਪਤ
ਭਇਆਹੈ॥ਸੋਨਿਰਦੁੰਦਰਾਗਦ੍ਵੈਖਤੇਰਹਿਤਹੋਕਰਿਇਸਥਿਤਹੈ॥ਪ੍ਰਕ੍ਰਿਤਕਰਮੋਂਕੋਕਰਤਾਹੈ॥ਅਨਮਦ
ਤੇਰਹਿਤਆਨੰਦਕਰਿਪੂਰਣਹੋਤਾਹੈ॥ਜੈਸੇਸਰਤਕਾਲਕੀਰਾਤ੍ਰਕਉਪੂਰਨਮਾਸੀਕਾਚੰਦ੍ਰਮਾਅੰਮ੍ਰਿਤਕਰ
ਪੂਰਣਹੋਤਾਹੈ॥ਤੈਸੇਪ੍ਰਵਿਰਤਕਾਰਜਕਉਕਰਤਾਭਿਆਨਵਾਨਸਾਂਤਰੂਪਇਸਥਿਤਹੋਤਾਹੈ॥੮॥ਇਤਿ
ਸ੍ਰੀਉਤਮਸਤਾਪ੍ਰਤਿਪਾਦਨਨਾਮਸਰਗਹ॥ਵਸਿਸਟੋਵਾਚ॥ਹੇਰਾਮਜੀਇਹਵਿਚਾਰਸਿਧਰੂਵੇਦ
ਨੇਕੀਆਹੈ॥ਪੂਰਬਮਨੁਖਕਉਉਸਾਬਿਧਿਚਲਪਰਬਤਾਵਿਖੇਕਹਾਥਾ॥ਇਸਾਵਿਚਾਰਕਰਿਉਹਆਤ
ਮਪਦਵਿਖੇਇਸਥਿਤਹੂਆਹੈ॥ਇਸੀਦ੍ਰਿਸਟਕਉਆਸ੍ਰੇਕਰਿਕੈਆਤਮਾਵਿਚਾਰਪਰਾਇਣਹੋਕਰ
ਤਮਰੂਪਸੰਸਾਰਕੋਤਰਜਾਹਿ॥ਹੇਰਾਮਜੀਇਸਊਪਰਏਕਅਉਰਪਰਮਾਦ੍ਰਿਸਟਸੁਣ॥ਜੋਦ੍ਰਿਸਟਪਰਮ
ਪਦਕੋਪ੍ਰਾਪਤਿਕਰਣੇਹਾਰੀਹੈ॥ਜਿਸਪ੍ਰਕਾਰਮੁਨੀਸੁਰਬੀਤਹਵ੍ਯਵਿਚਾਰਕਰਿਨਿਹਸੰਕਹੋਇਸਥਿਤਹੂ
ਆਹੈ॥ਤੈਸੇਸੁਣ॥ਬੀਤਹਵ੍ਯਨਾਮਏਕਮੁਨੀਸੁਰਮਹਾਂਤੇਜਵਾਨਥਾ॥ਸੋਸੰਸਾਰਕੀਆਧਿਵਿਆਧਿਤੇਵੈ
ਰਾਗਕਰਤਭਇਆ॥ਅਰੁਨਾਂਗਾਦਿਗੰਬਰਹੋਕਰਿਪਰਬਤਕੀਕੰਦਰਾਵਿਖੇਵਿਚਰਣੇਲਾਗਾ॥ਜੈ

CC-0 Shri Krishna Museum. An eGangotri-Vedic Bharat Inititative

ਸੇਸੂਰਜਸੁਮੇਰਪਰਬਤਕੀ ਕੰਦਰਾਕੇਚਉਫੇਰਫਿਰਤਾਹੈ।ਤੈਸੇਸੋਵਿਚਰਤਾਭੁਇਆ।ਅਰੁਸੀਸਾਬਕਿ
ਕ੍ਰਿਆਂਕਉਦੁਖਰੂਪਾਵਿਚਾਰਤਾਭੁਇਆ।ਜੁਇਹਬਡੇਭ੍ਰਮਕਉਦੇਣੇਹਾਰੀਹੈ।ਐਸੇਜਾਣਕਾਰਿਉਦੇ
ਬਾਕਉਪ੍ਰਾਪਤਿਹੂਆ।ਨਿਰਵਿਕਲਪਸਮਾਧਿਕੀਇਛਾਕਰਤਭਇਆ।ਅਪਣਾਜੋਕਛੂਥਿਆਪਾ
ਰਥਾਤਿਸਕਉਤਿਆਗਤਾਭੁਇਆ।ਗਉਰਜੋਅਪਣੀਕੁਟੀਥੀਤਿਸ ਕਉਤਿਆਗ ਕਰਿ ਅਉਰਕੇਲੇਕੇ
ਪੜੁਹੁਕੀਬਣਾਇਕਰਿਬੈਠਾ।ਜੈਸੇਭ੍ਰਮਰਾਕ ਮਲਫੂਲਕਉਤਿਆਗਨੀਲਕਮਲਪਰਜਾਇਬੈ
ਠਤਾਹੈ।ਤੈਸੇਉਹਗਉਰਕੁਟੀਕਉਤਿਆਗਕਰਿਸਾਂਮਕੁਟੀਵਿਖੇਜਾਇਬੈਠਾ।ਨੀਚੇਕੁਸਾਵਿਛਾਈ।
ਤਿਸਕੇਊਪਰਮ੍ਰਿਗਛਾਲਾਵਿਛਾਇਕਰਿਪਦਮਆਸਨਧਾਰਬੈਠਾ।ਜੈਸੇਮੇਘਜਲਕਉਤਿਆਗਕਰਿ
ਸੁਧਅਰੁਮੂਕਾਇਸਥਿਤਹੋਤਾਹੈ।ਤੈਸੇਅਉਰਕ੍ਰਿਆਂਕਉਤਿਆਗਕਰਿਸਾਂਤਕੇਨਮਿਤਸਾਂਤਰੂਪਾਇਸਥਿ
ਤਭੁਇਆ।ਹਾਥਹੁਕਉਤਲੇਕੀਆ।ਮੁਖਕਉਊਰਧਕੀਆ।ਗ੍ਰੀਵਾਕਉਸੂਧਾਕਰਿਕੈਇਸਥਿਤਭਇ
ਆ।ਜੈਸੇਪਹਾੜਕੀਕੰਦਰਾਇਸਥਿਤਹੋਤੀਹੈ।ਤੈਸੋਇਸਥਿਤਭਇਆ।ਇੰਦ੍ਰੀਅਹੁਕੀਬ੍ਰਿਤਕਉਰੋਕਤਾ
ਭਇਆ।ਬਹੁੜਮਨਕੀਬ੍ਰਿਤਕਉਭੀਰੋਕਲੀਆ।ਜੈਸੇਸੂਰਜਸੁਮੇਰਪਰਬਤਕੀਕੰਦਰਾਵਿਖੇਆਇਆ
ਹੂਆਉਸਕਾਪ੍ਰਕਾਸਬਾਹਰਤੇਮਿਟਜਾਤਾਹੈ।ਤੈਸੋਇੰਦ੍ਰੀਆਂਅਰੁਮਨਕੀਬ੍ਰਿਤਰੋਕੀਬਾਹਰਤੇਮਿਟਗਈ।
ਅੰਤਰਤੇਵਿਖਿਅਹੁਕੀਚਿਤਵਨਾਕਉਤਿਆਗਕੀਆ।ਇਸਪ੍ਰਕਾਰਉਹਕ੍ਰਮਕਰਿਕੈਇਸਥਿਤਕਰਤਭਇ
ਆ।ਜਬਮਨਨਿਕਸਜਾਵੈਤਬਕਹੈਬਡਾਆਸਚਰਜਹੈ।ਅਨਮਧਾਂਚੀਚਲਹੈ।ਮਹਾਂਚੀਚਲਹੈ।ਜੁਮੈਂਇਸ
ਥਿਰਕਰਤਾਹਉ।ਬਹੁੜਨਿਕਸਜਾਤਾਹੈ।ਜੈਸੇਸੂਕਾਪਾਤਜਲਕੇਤਰੰਗਾਵਿਖੇਆਇਆਠਹਰਤਾਨਹੀ।ਤੈ

CC-0 Shri Krishna Museum. An eGangotri-Vedic Bharat Inititative

ਸੋਮਨਏਕਖਿਣਭੀਠਹਰਤਾਨਹੀ।ਸ੍ਰਬਦਾਚਖਆਦਿਕਾਇੰਦ੍ਰੀਆਦੁਆਰਿਕੈਸਬਦਸਪਰਸਰੂਪਰਸਗੰਧ ੯੧
ਕੀਓਰਧਾਵਤਾਹੈ।ਜੈਸੇਧੇਨੁਕਉਜਿਉਜਿਉਤਾੜਨਾਕਰੀਤੀਹੈ।ਤਿਉਤਿਉਉਛਲਤਾਹੈ।ਤੈਸੇਹੀਇਸਮਨੂਰੂਪਧੇਨਕਉ
ਜਿਸਓਰਤੇਖੈਂਚੀਤਾਹੈ।ਤਿਸੀਓਰਬਹੁਰਦਉੜਤਾਹੈ।ਉਨਮਤਕੀਨਿਆਈਹੈ।ਜੋਘਟਕੀਓਰਤੇਖੈਂਚੀਤਾਹੈ।
ਤਉਪਟਕੀਓਰਧਾਵਤਾਹੈ।ਜੋਭੂਪਟਤੇਖੈਂਚੀਤਾਹੈ।ਤਬਰਸਕੀਓਰਜਾਤਾਹੈ।ਜੋਰਸਕੀਓਰਤੇਖੈਂਚੀਤਾਹੈ।ਤਉ
ਗੰਧਕੀਓਰਨਿਕਸਜਾਤਾਹੈ।ਇਸੀਪ੍ਰਕਾਰਸਬਦਸਪਰਸਆਦਿਕਾਦ੍ਰਿਸਕੀਓਰਧਾਵਤਾਹੈ।ਇਸਥਿਰਕ
ਦਾਚਿਤਨਹੀਹੋਤਾ।ਜੈਸੇਬਾਂਦਰਕਬਹੂੰਕਿਸੀਟਾਸਪਜਾਇਬੈਠਤਾਹੈ।ਕਬਹੂੰਕਿਸੀਟਾਸਪਰਜਾਇਬੈਠਤਾ
ਹੈ।ਇਸਥਿਰਨਹੀਹੋਤਾ।ਇਸਕੇਗ੍ਰਹਣਕਰਣੇਕਉਪੰਚਾਇਸਥਸੈਂ।ਜੇਨਮਾਰਗਹੁਕਰਿਵਿਖਿਅਹੁ
ਕਉਗ੍ਰਹਣਕਰਤਾਹੈ।ਜੋਪੰਚਗਿਆਨਾਇੰਦ੍ਰੀਆਂਹੈਂ।ਅਰੁਮੂਰਖਾਚਿਤਭੂੰਕਿਸਨੀਮਤਾਵਿਖਿਅਹੁਕੀਓਰਧਾ
ਵਤਾਹੈ।ਇਹਤੋਆਪਜੜ੍ਹਅਸਤਰੂਪਹੈਂ।ਭ੍ਰਾਂਤਮਾਤ੍ਰਹੈਂ।ਭੂਇਨਕਾਰਿਸਾਂਤਕਉਕੈਸੇਪ੍ਰਾਪਤਿਹੋਵੈਗਾ।ਇ
ਨਵਿਖੈਚਪਲਤਾਕਾਰਿਕੈਇਛਾਕਰਣੀਅਨਰਥਕਾਕਾਰਣਹੈ।ਜਿਉਜਿਉਇਨਕੇਅਰਥਕਉਸਮਰਣਕਰੇਗਾ।
ਤਿਉਤਿਉਦੁਖਹੁਕੇਸੰਬੂਹਕਉਪ੍ਰਾਪਤਿਹੋਵੈਗਾ।ਇਹਰੂਪਆਦਿਕਭੀਜੜ੍ਹਅਸਤਰੂਪਹੈਂ।ਇੰਦ੍ਰੀਆਂਭੀ
ਅਸਤਜੜ੍ਹਰੂਪਹੈਂ।ਭੂਭੀਜੜ੍ਹਰੂਪਹੈਂ।ਜੈਸੇਮ੍ਰਿਗਤ੍ਰਿਸਨਾਕੀਨਦੀਅਸਤਹੋਤੀਹੈ।ਤੈਸੇਇਹਅਸਤਰੂਪ
ਹੈਂ।ਹੇਮਨਾਇਹਤੋਸਭਅਸਾਰਰੂਪਹੈਂ।ਅਰੁਤੂੰਭੀਇੰਦ੍ਰੀਆਂਸਹਿਤਜੜ੍ਹਹੈਂ।ਤੂੰਕਰਤਤਕਾਅਭਿਮਾਨਾਕਿਉਕਰਤ
ਹੈ।ਸਭਕਾਕਰਤਾਚਿਦਾਨੰਦਆਤਮਾਭਗਵਾਨਹੈ।ਸਦਾਸਾਖੀਰੂਪਹੈ।ਤੂੰਕਿਉਬ੍ਰਿਥਾਤਪਾਇਮਾਨਹੋਤਾਹੈਂ।
ਜੈਸੇਸੂਰਜਸਭਕੀਕ੍ਰਿਆਕਉਕਰਤਾਸਾਖੀਭੂਤਹੈ।ਤੈਸੇਆਤਮਾਸਾਖੀਭੂਤਹੈ।ਜਗਤਸਭਭ੍ਰਾਂਤਮਾਤ੍ਰਹੈ।

CC-0 Shri Krishna Museum. An eGangotri-Vedic Bharat Inititative

ਜੈਸੇਜੇਵੜੀਵਿਖੇਸਰਪਅਗਿਆਨਕਰਿਭਾਸਤਾਹੈ॥ਤੈਸੇਆਤਮਾਵਿਖੇਜਗਤਅਗਿਆਨਕਰਿਪਰਭਾਸ
ਤਾਹੈ॥ਜੈਸੇਆਕਾਸਅਰੁਪਾਤਾਲਕਾਸੰਬੰਧਨਹੀਹੋਤਾ॥ਜੈਸੇਬ੍ਰਾਹਮਣਅਰੁਚੰਡਾਲਕਾਸੰਬੰਧਨਹੀ॥ਜੈਸੇਸੂ
ਰਜਅਰੁਤਮਕਾਸੰਬੰਧਨਹੀ॥ਤੈਸੇਆਤਮਾਅਰੁਚਿਤਾਇੰਦ੍ਰੀਆਦਿਕਹੁਕਾਸੰਬੰਧਕਛੁਨਹੀ॥ਆਤਮਾਸ
ਤਆਤਹੈ॥ਇਹਜੜ੍ਹਅਸਤਰੂਪਹੈ॥ਇਨਕੇਸਾਥਿਸੰਬੰਧਕੈਸੇਹੋਵੈ॥ਆਤਮਾਨਿਆਰਾਸਾਖੀਭੂਤਹੈ॥ਜੈਸੇ
ਸੂਰਜਸਭਜਨਹੂਤੇਂਸਾਖੀਭੂਤਹੈਨਿਆਰਾ॥ਤੈਸੇਆਤਮਾਨਿਆਰਾਸਾਖੀਭੂਤਹੈ॥ਹੇਚਿਤਤੂੰਤੋਮਹਾਂਮੂਰਖਹੈਂ॥
ਵਿਖੈਰੂਪੀਚਰਬਣਾਵਿਖੇਤੂੰਚਤੁਰਹੈਂ॥ਸਰਬਓਰਿਤੇਂਭਖਣਕਰਤਾ॥ਤੇਪਾਤਿਕਦਾਂਚਿਤਨਹੀਹੋਤਾਹੈ॥ਅਗਾੜੇ
ਚਰਾਬਿਨਾਮਿਥਿਆਚੇਸਟਾਕਰਤਾਹੈ॥ਕੂਕਰਕੀਨਿਆਂਈਨੀਚਚੇਸਟਾਕਰਤਾਹੈਂ॥ਤੇਰੇਸਾਥਹਮਕਉਪਰੋਜਨਕਛੁ
ਨਹੀ॥ਹੇਮੂਰਖਤੂੰਜੋਅਹੰਅਹੰਪੜਾਕਰਤਾਹੈਂਸੋਮਿਥਿਆਹੈ॥ਤਿਰੀਵਾਸਨਾਭੀਅਤੰਤਅਸਤਰੂਪਹੈ॥ਜਿਨਪਦਾ
ਰਥਨਕੀਤੂੰਵਾਸਨਾਕਰਤਾਹੈਂਸੋਭੀਅਸਤਰੂਪਹੈ॥ਤੇਰਾਅਰੁਆਤਮਾਕਾਸੰਬੰਧਕੈਸੇਹੋਵੈ॥ਆਤਮਾਚੇਤਨਰੂ
ਪਹੈ॥ਅਰੁਤੂੰਮਿਥਿਆਜੜ੍ਹਰੂਪਹੈਂ॥ਇਹਮੈਂਜਾਣਿਆਹੈ॥ਜੋਜਨਮਮਰਣਆਦਿਕਾਵਿਕਾਰਅਰੁਜੀਵਤਭਾਵ
ਕਉਤੂੰਹੀਮੁਝਿਪ੍ਰਾਪਤਿਕੀਆਥਾ॥ਮੈਂਤੋਕੇਵਲਚਿਦਾਨੰਦਪਰਮਬ੍ਰਹਮਹੋ॥ਮਿਥਿਆਅਹੰਕਾਰਕਰਿਕੈਮੈਂਜੀ
ਵਤਭਾਵਕਉਪ੍ਰਾਪਤਿਭਇਆਥਾ॥ਦੇਹਮਾਤ੍ਰਆਪਕਉਜਾਣਤਾਥਾ॥ਮੈਂਤੋਸੰਬਤਮਾਤ੍ਰਨਿਤਸੁਧਹੋ॥ਆਦਿਅੰਤ
ਤੇਰਹਤਪਰਮਾਨੰਦਚਿਦਾਕਾਸਅਨੰਤਆਤਮਾਹੋ॥ਅਬਮੈਂਸਰੂਪਾਵਿਖੇਆਪਜਾਗਿਆਹੌ॥ਅਰੁਸਦਾਕਾਦੁ
ਖਕਉਕਛੁਨਹੀਦ੍ਰਿਸਟਆਵਤਾ॥ਹੇਮੂਰਖਚਿਤਾਜਿਨਭੋਗਨਹੁਕਉਤੂੰਸਤਸੁਖਰੂਪਕਰਧਾਵਤਾਹੈਂਸੋਪ੍ਰਥਮ
ਆਵਿਚਾਰਕਰਿਕੈਅੰਮ੍ਰਿਤਕੀਨਿਆਂਈਭਾਸਤੇਹੈਂ॥ਪਰੁਪਾਛੈਵਿਖਕੀਨਿਆਂਈਭਾਸਤੇਹੈਂ॥ਵਿਓਗਕ

CC-0 Shri Krishna Museum. An eGangotri-Vedic Bharat Inititative

ਰਿਕੈਜਲਾਵਤੇਹੈਂ।ਅਰੁਆਪਕਉਕਰਤਾਭੋਗਤਾਭੀਤੂੰਮਿਥਿਆਮਾਨਤਾਹੈਂ।ਤੂੰਭੀਕਰਤਾਭੋਗਤਾਨਹੀਇ ੬੧
ਦ੍ਰੀਆਂਭੀਭੋਗਤਨਹੀ।ਕਾਹੇਤੇਂਜੋਜੜ੍ਹਹੈ।ਜੁਤੁਮਜੜ੍ਹਹੂਏਤਉਤੁਮਾਰਾਮੇਰਸਾਥੀਸੁਭਾਵਕੈਸੇਹੋਵੈ।
ਜੋਤੂੰਜੜ੍ਹਅਸਤਰੂਪਹੈ।ਤਉਕਰਤਾਭੋਗਤਾਕੈਸੇਹੋਵੈ।ਜਉਤੂੰਚੈਤੰਨਸਤਰੂਪਹੈਂ।ਤਥੀਤੇਰੇਵਿਖੇਕਰਤ
ਤਭੋਗਤਤਨਹੀਸੰਭਵਤਾ।ਤੂੰਮਿਥਿਆਹੈਂ।ਮੈਂਪ੍ਰਤਕਚੈਤੰਨਹੈ।ਤੂੰਕਰਤਤਭੋਗਤਤਅਪਣੇਵਿਖੇਮਿਥਿਆ
ਇਸਥਾਪਨਕਰਤਾਹੈ।ਮੈਂਤੁਝਕਉਸਿਧਕਰਤਾਹੌਤਬਹੋਤਾਹੈਂ।ਤੂੰਨਿਸਚੈਕਾਰਿਕੈਜੜ੍ਹਹੈ।ਤੁਝਕਉਕਰਤ
ਤਭੋਗਤਤਕੈਸੇਹੋਵੈ।ਜੈਸੇਪਥਰਕੀਸਿਲਾਨਿਰਤਕਰਣੇਕਉਸਮਰਥਨਹੀਹੋਤੀ।ਤੈਸੇਤੁਝਕਉਭੀਕ
ਰਤਤਕੀਸਾਮਰਥਤਾਨਹੀਹੋਤੀ।ਤੇਰੇਵਿਖੇਕਰਤਤਜੋਹੈ।ਸੋਮੇਰੀਸਕਤਿਹੈ।ਜੈਸੇਦਾਤਰੀਘਾਸਤਿਣਆਦਿ
ਕਹੁਕਉਕਾਟਤੀਹੈ।ਸੋਕੇਵਲਆਪਤੇਨਹੀਕਾਟਤੀ।ਪੁਰਖਕੀਸਕਤਕਾਰਿਕਾਟਤੀਹੈ।ਅਰੁਖੜ੍ਹਗਕਾਰਿ
ਕੈਜੋਹਨਨਾਕ੍ਰਿਆਹੋਤੀਹੈ।ਸੋਭੀਆਪਤੇਨਹੀਹੋਤੀ।ਪੁਰਖਕੀਸਕਤਿਕਾਰਿਕੈਹੋਤੀਹੈ।ਤੈਸੇਤੁਮਾਰੇਵਿਖੇਕਰ
ਤਤਭੋਗਤਤਮੇਰੀਸਕਤਿਕਾਰਿਹੋਤਾਹੈ।ਜੈਸੇਪਾਤ੍ਰਕਾਰਿਜਲਪਾਨਕੀਆ।ਸੋਪਾਤ੍ਰਨਹੀਪਾਨਕੀਆ।ਪਾਤ੍ਰਕਾਰਿਕੈ
ਪੁਰਖੁਪਾਨਕਰਤਾਹੈ।ਤੈਸੇਤੁਮਚਾਵਿਖੇਮੇਰੀਸਕਤਿਕਰਤਤਭੋਗਤਤਕਰੀਤਾਹੈ।ਮੇਰੀਸਤਾਕਉਪਾਇਕਾਰਿਤੁ
ਮਆਪਣੀਆਪਣੀਚੇਸ੍ਟਾਵਿਖੇਵਿਚਰਤੇਹੋ।ਜੈਸੇਸੂਰਜਕੀਪ੍ਰਕਾਸਸਤਾਪਾਇਕਾਰਿਲੋਕਆਪਣੀਆਪਣੀ
ਚੇਸ੍ਟਾਕਰਤੇਹੈਂ।ਤੈਸੇਮੇਰੀਸਕਤਿਕਾਰਿਤੁਮਾਰੀਚੇਸ੍ਟਾਹੋਤੀਹੈ।ਅਗਿਆਨਕਾਰਿਕੈਤੁਮਜੜ੍ਹਜੀਵਤੇਰਹਤੇਹੋ।
ਗਿਆਨਕਾਰਿਕੈਲੀਨਹੋਜਾਤੇਹੋ।ਜੈਸੇਸੂਰਜਕੇਤੇਜਕਾਰਿਵਰਫਗਲਜਾਤੀਹੈ।ਤਾਂਤੇਹੇਚੇਤਆਬੈਮੈਂਨਿਸ
ਚੈਕੀਆਹੈ।ਜੋਤੁਮਸੂਰਮਾਤ੍ਰਕਰੂਪਹੋ।ਪਰਮਾਰਥਤੇਤੂੰਹੈਨਾਇੰਦ੍ਰੀਆਂਹੈਂ।ਜੈਸੇਇੰਦ੍ਰਜਾਲਕੀਬਾਜੀਕੇਪਦਾ

CC-0 Shri Krishna Museum. An eGangotri-Vedic Bharat Inititative

ਰਥਭਾਸਤੇਹੈ।ਸੋਸਭਭੀਮਿਥਿਆਹੈ।ਕੇਵਲਾਵਿਗਿਆਨਸਰੂਪਮੈਂਅਪਣੇਆਪਾਵਿਖੇਇਸਥਿਤਹੋ।ਨਿ
ਰਮੈਂਹੋ।ਅਜਰਅਮਰਹੋ।ਨਿਤਸੁਧਬੁਧਪਰਮਾਨੰਦਸਰੂਪਹੋ।ਮੈਂਹੀਨਾਨਾਰੂਪਹੋਇਕਰਿਭਾਸਤਾਹੋ।ਪਰੂਕਦਾਂ
ਚਿਤਦ੍ਵੈਤਭਾਵਕਉਨਹੀਪ੍ਰਾਪਤਿਹੂਆ।ਸਦਾਅਪਣੇਆਪਾਵਿਖੇਇਸਥਿਤਹੋ।ਜੈਸੇਜਲਾਵਿਖੇਤਰੰਗਬੁ
ਦਬੁਦੇਆਦਿਕਾਦ੍ਰਿਸ੍ਟਿਆਵਤੇਹੈ।ਸੋਜਲਹੀਹੈ।ਤੈਸੇਸਰਬਪਦਾਰਥਮੇਰੇਵਿਖੇਭਾਸਤੇਹੈ।ਸੋਇਤਰਕਛੁ
ਨਹੀ।ਹੇਚਿਤਤੂੰਭੀਚਿਨਮਾਤ੍ਰਭਾਵਕਉਪ੍ਰਾਪਤਿਹੋ।ਜਬਤੂੰਚਿਨਮਾਤ੍ਰਭਾਵਕਉਪ੍ਰਾਪਤਿਹੋਵੈਂਗਾ।ਤਬਤੇਰਾਭਿੰ
ਨਭਾਵਕਛੁਨਰਹੈਗਾ।ਅਰੁਸੋਕਤੇਂਰਹਿਤਹੋਵੈਂਗਾ।ਆਤਮਤਤਸਰਬਗਤਸਰਬਭਾਵਾਵਿਖੇਇਸਥਿਤਹੈ।
ਸਰਬਰੂਪਹੈ।ਜਬਤਿਸਕਉਪ੍ਰਾਪਤਿਹੋਵੈਂਗਾ।ਤਬਸਭਕਛੁਇਸਕਉਪ੍ਰਾਪਤਿਹੋਵੈਂਗਾ।ਨਕੋਊਦੇਹਹੈ।ਨਜ
ਗਤਹੈ।ਸਰਬਬ੍ਰਹਮਹੀਹੈ।ਬ੍ਰਹਮਹੀਐਸੇਭਾਸਤਾਹੈ।ਵਾਸਨਾਅਹੰਤ੍ਵੰਆਦਿਕਕਲਪਨਾਕੋਊਨਹੀ।ਹੇ
ਚਿਤਜੋਆਤਮਾਚੇਤਨਰੂਪਹੈ।ਤਉਸਰਬਗਤਆਤਮਾਹੈ।ਆਤਮਾਤੇਇਤਰਕਛੁਨਹੀ।ਤਬਭੀਤੁਝੈ
ਕਉਸੰਤਾਪਕਛੁਨਚਾਹੀਐ।ਅਰੁਜੋਆਤਮਾਜੜ੍ਹਅਸਤਰੂਪਹੈ।ਤਉਭੀਤੂੰਨਰਹਾ।ਜੋਤੂੰਕਛੁਪਰਛਿੰਨ।
ਜੈਸਾਪੜ੍ਹਾਬਣਤਾਹੈ।ਸੋਮਿਥਿਆਰੂਪਹੈ।ਆਤਮਤਤਸਰਬਾਵਿਖੇਵਿਆਹੂਆਹੈ।ਦ੍ਵੈਤਕਛੁਨਹੀ।ਜੋ
ਪੂਆ
ਸਰਬਉਹੀਹੈ।ਤਉਭਿੰਨਅਹੰਤ੍ਵੰਕੀਕਲਪਨਾਕੈਸੇਹੋਵੈ।ਅਸਤਸੋਕਾਰਜਾਸਿਧਕਛੁਨਹੀਹੋਤਾ।ਜੈਸੇ
ਸਹੇਕੇਸਿੰਙਅਸਤਹੈ।ਤਿਨਸਿਉਮਾਰਣੇਕਾਕਛੁਕਾਰਜਾਸਿਧਨਹੀਹੋਤਾ।ਤੈਸੇਤੂੰਮਾਅਸਤਹੋ।ਤੂੰਐਸੇ
ਕਰਤਤੇਭੋਗਤਤਕਾਕਾਰਜਕੈਸੇਹੋਵੈ।ਅਰੁਜੋਤੂੰਕਹੈਮੈਂਸਤਅਸਤਅਰੁਚੇਤਨਜੜ੍ਹਕੇਮਧਭਾਵਹੋ।
ਜੈਸੇਤਮਅਰੁਪ੍ਰਕਾਸਕਾਮਧਭਾਵਛਾਇਆਹੋਤੀਹੈ।ਤਉਸੂਰਜਰੂਪਪਰਮਾਤਮਾਨਿਰੰਜਨਕੋਦ੍ਵੈਦ

CC-0 Shri Krishna Museum. An eGangotri-Vedic Bharat Inititative

ਮਾਨੁਸਪਣ੍ਹਾਵੀਛਾਇਆਕੈਸੇਰਧਤੀਹੈ।ਤਾਂਤੇਕਰਤਤਭੋਗਤਤਤ੍ਰਿਕਉਨਹੀਹੋਤੀ।ਕਿਉਂਕਿਤੇਜੋਤੂੰਸਰੂਪਹੈਂ।ਜੈਸੇ ੬੧੨
ਦਾੜੀਪਕੜੀਹੋਤੀਹੈ।ਤਉਤਿਸਸੋਂਘਾਸਕਟਣੇਕਾਆਪਤੇਕਛੁਨਹੀਹੋਤਾ।ਜਬਪੁਰਖਕੀਹਾਥਸਕਾਤਿਹੋਤੀਹੈ
ਤਬਕਾਰਜਹੋਤਾਹੈ।ਤੈਸੇਤੁਮਸੋਂਕਾਰਜਨਹੀਹੋਤਾ।ਜਬਆਤਮਾਸਤਾਤੁਮਸੋਂਮਿਲਤੀਹੈ।ਤਬਤੁਮਸੋਂਕਾਰਜ
ਹੋਤਾਹੈ।ਤੂੰਕਿਉਂਬ੍ਰਿਥਾਅਧਿਕਾਰਕਰਿਕੈਤਪਾਇਮਾਨਹੋਤੇਹੋ।ਅਰੁਜੇਕੋਈਇੰਦ੍ਰਕਾਉਂਪਕਾਰਭੂਆ।ਤਉਇੰ
ਦ੍ਰਿਜੋਪਰਮਾਰਥੂੰਹੈ।ਤਿਸਕਉਕਰਣੇਵਿਖੇਕਛੁਅਰਥਨਹੀ।ਅਕਰਣੇਵਿਖੇਕਛੁਪ੍ਰਯੋਜਨਨਹੀ।ਅਰੁਸਭਕਾਕ
ਰਤਾਉਹੀਹੈ।ਅਰੁਸਦਾਅਕਰਤਾਹੈ।ਜੈਸੇਆਕਾਸਪੋਲਕਾਰਿਕੈਸਭਕਉਬਿਠਪਤਾਕਰਣੇਹਾਰਾਹੈ।ਪਰੁਸਪ
ਰਸਕਿਸੀਸਾਥਨਹੀਕਰਤਾ।ਤੈਸੇਪਰਮਾਤਮਾਸਭਕਉਸਤਾਦੇਣੇਹਾਰਾਹੈ।ਅਰੁਅਲੇਪਹੈ।ਹੇਮੂਰਖਮ
ਨਤੂੰਕਿਉਂਭੋਗੋਂਕੀਇਛਾਕਰਤਾਹੈਂ।ਤੂੰਤੋਜੜਹੈਂਅਸਤਰੂਪਹੈਂ।ਦੇਹਭੀਜੜਅਸਤਰੂਪਹੈ।ਭੋਗਕੈਸੇਭੋਗ
ਤੂੰਗਾ।ਅਰੁਸ਼ੁਧਆਤਮਾਕੇਨਿਮਿਤਜੋਇਛਾਕਰਤਾਹੈਂ।ਤਉਪਰਮਾਤਮਾਸਦਾਤ੍ਰਿਪਤਇਛਾਤੇਂਰਹਿਤਹੈ।ਸਰ
ਬਾਵਿਖੇਉਹੀਪੂਰਣਹੈ।ਦੂਸਰੇਤੇਂਰਹਤਏਕਅਦ੍ਵੈਤਪ੍ਰਕਾਸਰੂਪਆਪਣੇਆਪਵਿਖੇਇਸਥਿਤਹੈ।ਤੂੰਕਉ
ਤਿਸਕੀਚਿੰਤਾਹੈ।ਤਾਂਤੇਬ੍ਰਿਥਾਕਲਪਨਾਕਉਤਿਆਗਕਰਿਆਤਮਾਵਿਖੇਇਸਥਿਤਹੋ।ਜਹਾਂਸਭਕਲੇਸ
ਸ਼ਾਂਤਹੋਜਾਤੇਹੈ।ਜਉਤੂੰਕਹੈਂਪਰਮਾਤਮਾਸਾਥਮੇਰਾਕਰਤਤਭੋਗਤਤਕਾਸੰਬੰਧਹੈ।ਤਉਸੰਬੰਧਨਹੀਬਣਤਾ।
ਜੈਸੇਫੂਲਅਰੁਪਥਰਕਾਸੰਬੰਧਨਹੀਹੋਤਾ।ਤੈਸੇਪਰਮਾਤਮਾਸਾਥਤੇਰਾਸੰਬੰਧਨਹੀਹੋਤਾ।ਸਮਾਨਅਧਿਕ
ਰਣਦ੍ਰਿਸ਼ਟਕਾਸੰਬੰਧਹੋਤਾਹੈ।ਜੈਸੇਜਲਅਮ੍ਰਿਤਕਾਕਾਹੋਤਾਹੈ।ਜੈਸੇਅਉਖਧੀਵਿਖੇਚੰਦ੍ਰਮਾਕੀਸਤਾਪ੍ਰਾਪਤਿਹੋ
ਤੀਹੈ।ਜੈਸੇਸੂਰਜਕੀਤਪਤਕਰਿਸਿਲਾਤਪਜਾਤੀਹੈ।ਜੈਸੇਬੀਜਅਰੁਅੰਕੁਰਕਾਸੰਬੰਧਹੋਤਾਹੈ।ਜੈਸੇ

CC-0 Shri Krishna Museum. An eGangotri-Vedic Bharat Inititative

ਪਿਤਾਪੁਤ੍ਰਕਾਸੰਬੰਧਹੋਤਾਹੈ।ਸੋਦ੍ਰਬਅਰੁਗੁਣਕਾਸੰਬੰਧਹੋਤਾਹੈ।ਜੋਆਕਾਰਸਹਿਤਵਸਤੂਹੈਤਿਸਕਾਸੰਬੰਧ
ਬਣਤਾਹੈ।ਜੋਨਿਰਾਕਾਰਨਿਰਗੁਣਵਸਤੂਹੈਤਿਸਕਾਸੰਬੰਧਕੈਸੇਹੋਵੈ।ਸਮਾਨਕਾਰਿਕੈਸੰਬੰਧਨਹੀ।ਜੋਪਰਮਾ
ਤਮਾਚੇਤਨਹੈ ਤੂੰ ਜੜ੍ਹਹੈਂ।ਉਹਪ੍ਰਕਾਸਰੂਪਹੈ।ਤੂੰਤਮਰੂਪਹੈਂ।ਉਹਸਤਰੂਪਹੈਤੂੰਅਸਤਰੂਪਹੈਂ।ਸੰਬੰਧਤੋਕਿ
ਸੀਪ੍ਰਕਾਰਨਹੀਬਣਤਾ।ਤੂੰਕਿਉਂਪਹਾਜਲਤਾਹੈਂ।ਤੂੰਮਨਨਰੂਪਹੈਂ।ਪਰਮਾਤਮਾਸਰਬਕਲਨਾਤੇਂਅਤੀ
ਤਹੈ।ਤੇਜਕੀਏਕਤਾਤੇਜਕਰਿਹੋਤੀਹੈ।ਜਲਕੀਏਕਤਾਜਲਸਾਥਿਹੋਤੀਹੈ।ਤੂੰਕਲਨਰੂਪਹੈਂ।ਪਰ
ਮਾਤਮਾਕਲਨਾਤੇਂਅਤੀਤਹੈ।ਤੇਰੀਏਕਤਾਤਿਸਸਾਥਿਕੈਸੇਹੋਵੈ।ਜਿਸਕਾਅੰਗਕਛੁਮਿਲਤਾਹੈਤਿਸ
ਕਾਸੰਬੰਧਹੋਤਾਹੈ।ਜੋਸੰਬੰਧਤੀਨਪ੍ਰਕਾਰਕਾਹੋਤਾਹੈ।ਸਮਕਾਅਰਧਸਮਕਾਵਿਲਖਣਕਾ।ਇਨਕਾਸੰ
ਬੰਧਹੋਤਾਹੈ।ਜੈਸੇਜਲਸਾਥਿਜਲਕੀਏਕਤਾਹੋਤੀਹੈ।ਤੇਜਸਾਥਤੇਜਕੀ।ਇਹਸਮਹੈ।ਸੋਤੇਰਾਆਤਮਾਸ
ਥਿਸੰਬੰਧਭੀਨਹੀ।ਅਰੁਏਕਅਰਧਸਮਹੈ।ਜਉਂਅਦ੍ਵੈਵਸਮਾਨੀਹੋਤੇਹੈਂ।ਇਸਤ੍ਰੀਪੁਰਖਕੇ।ਅਪਰੂਹੈ।ਵਿ
ਖਣਰੂਪ।ਸੋਅਰਧਸਮਭੀਤੇਰਾਅਰੁਆਤਮਾਕਾਸੰਬੰਧਨਹੀ।ਅਰੁਕਛੁਕਅੰਨਵਤਭੀਤੇਰਾਸੰਬੰਧਨਹੀ।
ਜੈਸੇਜਲਅਰੁਦੂਧਕਾਸੰਬੰਧਹੋਤਾਹੈ।ਜਲਅਰੁਸਹਿਤਆਦਿਕਐਸੇਭੀਨਹੀ।ਅਤੰਤਜੋਵਿਲਖਣ
ਹੈ।ਤਿਨਵਤਭੀਨਹੀ।ਜੈਸੇਕਾਸੁਅਰੁਲਾਖ।ਜੈਸੇਪੁਰਖਅਰੁਹਾਥੀਘੋੜਾਆਦਿਕਆਧਾਰਅਧੇਇਵਤ
ਤੈਸਾਭੀਨਹੀ।ਬੀਜਅਰੁਅੰਕੁਰ।ਪਿਤਾਪੁਤ੍ਰ।ਇਤਿਆਦਿਕਜੋਸੰਬੰਧਹੈ।ਸੋਤੇਰਾਅਰੁਆਤਮਾਕਾਸੰਬੰ
ਧਕੋਊਨਹੀ।ਕਾਹੇਤੇ ਜੋਸੰਬੰਧਹੋਤਾਹੈਸੋਤਿਸਕਾਹੋਤਾਹੈ।ਜੋਕਛੁਭੀਅੰਗਕਿਸੀਸਾਥਿ।ਜਿਸਕਾ
ਮਿਲਤਾਹੈ।ਸ੍ਰਿਹ।ਜੋਊਪਰਿਕਹੇਹੈਂਜਮਆਦਿਕ।ਜਿਸਕਾਕੋਊਅੰਗਨਾਮਿਲੈ।ਪਰਸਪਰਵਿਰੋਧ

CC-0 Shri Krishna Museum. An eGangotri-Vedic Bharat Inititative

ਹੈ॥ਤਿਸਕਾਸੰਬੰਧਕੈਸੇਕਹੀਐ॥ਜੈਸੇਕਹੀਐਸਸੇ ਸ੍ਰਿੰਙ ਊਪਰਅੰਮ੍ਰਿਤਕਾਚੰਦ੍ਰਮਾਬੈਠਾਹੈ॥ਤਾਤੇਅਰੂਪਕਾ ੫।੩
ਸਇਕਠਾਹੈ॥ਜੈਸੇਇੰਧਨਹੀਬਣਤਾ॥ਤੈਸੇਆਤਮਾਕਾਅਰੁਮਨਦੇਹਾਇੰਦ੍ਰੀਆਂਕਾਸੰਬੰਧਨਹੀਬਣਤਾ॥
ਕ੍ਯੋਂਹੇਤੇਂਜੋਆਤਮਾਸਰਬਕਲਨਾਤੇਅਤੀਤਨਿਤਸੁਧਅਦ੍ਵੈਤੀਸੁਪ੍ਰਕਾਸਹੈ॥ਮਨਆਦਿਕਜੜਅਸਤਮਿ
ਥਿਆਰੂਪਹੈ॥ਇਨਕਾਸੰਬੰਧਨਹੀ॥ਜੋਪਰਸਪਰਵਿਰੋਧੀਹੋਵੈ॥ਤਿਸਕਾਸੰਬੰਧਕੈਸੇਹੋਵੈ॥ਪੁਨਤੋਪਰ
ਮਾਤਮਾਕੇਅਗਿਆਨਕਰਿਉਦੇਹੂਏਹੈ॥ਪਰਮਾਤਮਾਕੇਗਿਆਨਤੇਂਮਨਇੰਦ੍ਰੀਆਂਦੇਹਾਦਿਕਾਅਭਾਵਹੋਤਾਹੈ॥ਸ
ਰੂਪਸੰਬੰਧਕੈਸੇਹੋਵੈ॥ਹੇਮਨਜੇਤੇਕਛੁਜਗਤਜਾਲਹੈਂਸੋਸਭਬ੍ਰਹਮਰੂਪਹੈਂ॥ਤਿਸਤੇਂਇਤਰਦ੍ਵੈਤਕਛੁਨਹੀ॥
ਅਹੰਰੂਪਾਂਕੀਕਲਨਾਤੇਰਹਤਬ੍ਰਹਮਸਤਾਅਪਣੇਆਪਵਿਖੇਇਸਥਿਤਹੈ॥ਸਭਕਲਪਨਾਤੇਰਹਿਤਵਿਖੇਥੀ॥
ਅਭੂਤੂਤਬਲਗਾਥਾ॥ਜਬਸਰੂਪਕਾਪ੍ਰਮਾਦਥਾ॥ਜਬਸਰੂਪਕਾਸਾਖ੍ਯਾਤਕਾਰਹੂਆ॥ਅਰੁਅਗਿਆਨ
ਸੁਭਾਇਆ॥ਤਬਤੂੰਕਹਾਂਰਹੇਗਾ॥ਜੈਸੇਰਾਤ੍ਰਕੇਅਭਾਵਹੂਏਨਿਸਾਚਰਦੁਕਾਅਭਾਵਹੋਜਾਤਾਹੈ॥ਤੈਸੇਅਗਿ
ਆਨਕੇਨਾਸਹੂਏਤੇਰਾਅਭਾਵਹੋਜਾਤਾਹੈ॥੨੨॥ ਇਤਿ ਉਪਸਮ ਪ੍ਰਕਰਣੇ ਬੀਤਹਵ੍ਯ ਉਪਾਖ੍ਯਾਨੇ ਇੰਦ੍ਰਿਆਂ ਸਾਥ ਸੰ
ਜਮ ਪ੍ਰਸੰਗ ਵਰਣਨੰ ॥ ਨਾਮ ਦ੍ਵਿਸਤੋਵਾਚਾ ॥ ॥ਹੇਰਾਮਜੀਇਸਪ੍ਰਕਾਰਬੀਤਹਵ੍ਯਮੁਨੀਸ੍ਵਰਬਿੰਧਾਚਲਪਰਬਤਕੀਕੰ ੩
ਦਰਾਵਿਖੇਵਿਚਾਰਕਰਤਭਇਆ॥ਤੀਖਣਬੁਧਸਾਥਅਉਰਭੀਜੋਕਛੁਕਹਾਹੈਸੋਸੁਣ॥ਅਨਾਤਮਾਜੋਹੈਦੇਹ
ਇੰਦ੍ਰੀਆਂਸੋਸਭਸੰਕਲਪਤੇਂਉਪਜੇਹੈਂ॥ਜਬਗਿਆਨਉਦੇਹੂਆਤਬਦੇਹਾਇੰਦ੍ਰੀਆਂਮਨਆਦਿਕਹੁਕਾਅ
ਭਾਵਹੋਜਾਤਾਹੈ॥ਹੇਮਨਜੈਸੇਸੂਰਜਕੇਉਦੇਹੂਏਤਮਕਾਅਭਾਵਹੋਜਾਤਾਹੈ॥ਤੈਸੇਨਿਤਉਦੇਰੂਪਪਰਮਾਤਮਾਅ
ਨਭਵਰੂਪਕੇਉਦੇਹੂਏਹੰਕਾਰਕਾਅਭਾਵਹੋਜਾਤਾਹੈ॥ਜੈਸੇਮੇਘਪਟਲਕੇਨਾਸਹੂਏਸੂਰਜਪ੍ਰਕਾਸਤਾਹੈ॥ਤੈਸੇਵਾਸਨਾਕੇ

CC-0 Shri Krishna Museum. An eGangotri-Vedic Bharat Inititative

ਅਭਾਵਹੂਏਆਤਮਤਤਪ੍ਰਕਾਸਤਾਹੈ॥ਵਾਸਨਾਕਾਮੂਲਅਗਿਆਨਹੈ॥ਜਬਅਗਿਆਨਨਸਹੋਤਾਹੈਵਾਸਨਾਨਾਸ
ਭਈਤਬਚਿਦਾਨੰਦਬ੍ਰਹਮਪ੍ਰਗਟਭਾਸਤਾਹੈ॥ਵਾਸਨਾਕਾਨਾਮਹੀਬੰਧਨਹੈ॥ਵਾਸਨਾਕੇਨਿਵਿਰਤਕਾਨਾਮਮੋਖ
ਹੈ॥ਜਬਵਾਸਨਾਰੂਪੀਜੇਵੜੇਕੋਕਾਟੇਗਾ॥ਤਬਪਰਮਾਤਮਾਕਾਸਾਖ੍ਯਾਤਕਾਰਹੋਵੈਗਾ॥ਜੈਸੇਅੰਧਕਾਰਪ੍ਰਕਾ
ਸਬਿਨਾਅਉਰਉਪਾਇਕਰਿਨਾਸਨਹੀਹੋਤਾ॥ਤੈਸੇਮਨਇੰਦ੍ਰੀਆਂਦੇਹਆਦਿਕਆਤਮਾਵਿਚਾਰਬਿਨਾਨਾਸਨਹੀ
ਹੋਤੇ॥ਜਬਵਿਚਾਰਕਰਿਕੈਆਤਮਪਦਪ੍ਰਾਪਤਿਹੋਵੈ॥ਤਬਮਨਸਹਿਤਇੰਦ੍ਰੀਅਨਕਾਅਭਾਵਹੋਜਾਤਾਹੈ॥ਅਰ
ਥਾਇਜੋਇਨਕਾਅਭਿਮਾਨਨਸਟਹੋਜਾਤਾਹੈ॥ਇਨਕੇਧਰਮਅਪਣੇਵਿਖੇਨਹੀਭਾਸਤੇ॥ਜਬਲਗਦੇਹਇੰਦ੍ਰੀ
ਅਹੁਸਾਥਿਅਵਿਰਿਆਹੂਆਹੈ॥ਤਬਲਗਆਤਮਪਦਕਉਪਾਇਨਹੀਸਕਤਾ॥ਤਾਂਤੇਆਤਮਪਦਪਾਵ
ਣੇਕਾਅਪਣੇਕਲਿਆਣਕੇਨਿਮਿਤਨਿਰੰਤਰਅਭਿਆਸਕਰੋ॥ਜਬਲਗਮਨਇੰਦ੍ਰੀਆਦਿਕਬਹੁਕੇਗੁਣ
ਹੁਸਾਥਆਪਕਉਮਿਲਿਆਹੂਆਜਾਣਤਾਹੈ॥ਤਬਲਗਅਪਣੇਸਰੂਪਕੀਵਿਭੂਤਾਅਰੁਸੁਧਤਾਇਸ
ਕਉਨਹੀਭਾਸਤੀ॥ਜਬਆਤਮਾਕਾਸਾਛਾਤਕਾਰਹੋਵੈਗਾ॥ਤਬਰਾਗਦ੍ਵੈਖਆਦਿਕਵਿਕਾਰਨਸਹੋਜਾ
ਵੈਗਾ॥ਜੈਸੇਸੂਰਜਕੇਉਦੇਹੂਏਨਿਸਾਚਰਹਕਾਅਭਾਵਹੋਜਾਤਾਹੈ॥ਤੈਸੇਆਤਮਾਕੇਸਾਖ੍ਯਾਤਕਾਰਹੂਏਵਿਕਾ
ਰਹੁਕਾਅਭਾਵਹੋਜਾਤਾਹੈ॥ਜਿਸਕੇਦੇਖੇਤੇਂਇਨਕਾਨਾਸਹੋਤਾਹੈ॥ਤਿਨਕੇਸਾਥਿਆਤਮਾਕਾਸੰਬੰਧਕੈਸੇ
ਹੋਵੈ॥ਜੈਸੇਪ੍ਰਕਾਸਅਰੁਅੰਧਕਾਰਕਾਸੰਬੰਧਨਹੀਹੋਤਾ॥ਜੈਸੇਸੀਤਅਰੁਉਸਨਕਾਸੰਬੰਧਨਹੀਹੋਤਾ॥ਜੈਸੇ
ਸਤਅਰੁਅਸਤਕਾਸੰਬੰਧਨਹੀਹੋਤਾ॥ਜੈਸੇਜੀਵਤਅਰੁਮ੍ਰਿਤਕਕਾਸੰਬੰਧਨਹੀਹੋਤਾ॥ਤੈਸੇਆਤਮਾਸਾ
ਥਿਅਨਾਤਮਾਕਾਸੰਬੰਧਨਹੀਹੋਤਾ॥ਆਤਮਾਸਰਬਕਲਨਾਤੇਰਹਤਹੈ॥ਮਨਆਦਿਕਸਰਬਕਲਨਾਰੂਪ

CC-0 Shri Krishna Museum. An eGangotri-Vedic Bharat Inititative

ਹੈ॥ਕਹਾਂਇਹਮੂਕਜੜ੍ਹਅੰਧਅਨਾਤਮਰੂਪ॥ਅਰੁਕਹਾਂਨਿਤਚੇਤੰਨਪ੍ਰਕਾਸਨਿਰਾਕਾਰਆਤਮਰੂਪ॥ਇਨਕਾ ੬੧੪
ਪਰਸਪਰਵਿਰੁਧਹੈ॥ਸੰਬੰਧਕੈਸੇਕਹੀਐ॥ਇਹਤੋ ਨਿਸਚੈਕਰਿਅਨਰਥਕਾਕਾਰਣਹੈ॥ਜਬਲਗਇਨਕਾਅ
ਭਿਮਾਨਹੈਤਬਲਗਜਗਤਦੁਖਰੂਪਭਾਸਤਾਹੈ॥ਜਬਇਨਕਾਵਿਯੋਗਹੋਵੈਤਬਜਗਤਪਰਮਾਤਮੇਹੋਜਾਵੈ॥
ਜਬਲਗਇਸਕਉਆਤਮਾਕਾਅਗਿਆਨਹੈ॥ਤਬਲਗਆਪਕਉਇਨਸਾਥਮਿਲਿਆਹੂਆਦੇਖਤਾਹੈ॥
ਅਰੁਦੁਖਪਾਵਤਾਹੈ॥ਜਬਆਤਮਗਿਆਨਹੂਆਤਬਅਪਣੇਸਾਥਇਨਕਾਸੰਜੋਗਨਹੀਦੇਖਤਾ॥ਇਹਮੈਨਿਸ
ਚੈਕਰਿਜਾਣਿਆਹੈ॥ਜੋਇੰਦ੍ਰੀਆਂਅਰੁਮਨਕੇਸੰਜੋਗਤੇਜਗਤਭਾਸਤਾਹੈ॥ਜਬਇੰਦ੍ਰੀਅਹੰਕਾਰਸੰਮਖੇਹੋਜਾਵੈ
ਤਬਜਗਤਪਰਮਾਤਮੇਹੋਜਾਤਾਹੈ॥ਮੈਜੋਆਤਮਾਅਰੁਮਨਇੰਦ੍ਰੀਆਦਿਕਹੁਕਉਏਕਠਾਜਾਣਤਾਥਾ॥ਸੋਪ੍ਰਸ
ਸਿਹੂਮੀਮਦਰਾਕੇਮਤੇਮਨਕਰਿਜਾਣਤਾਥਾ॥ਅਬਆਤਮਾਵਿਚਾਰਕਰਿਕੈਮਨਨਸਟਹੂਆਤਬਮੈਸੁਖੀਹੂਆ
॥ਜੋਵਿਖਕਉਪਾਨਕਰਿਕੈਮੂਰਛਤਹੋਵੈਸੋਤੋਬਣਤਾਹੈ॥ਪਰੁਪਾਨਕੀਏਬਿਨਾਮੂਰਛਤਹੋਵੈਤਉਅਸਚਰਜ
ਹੈ॥ਤੈਸੇਆਤਮਾਕਾਇਨਸਾਥਸੰਜੋਗਹੋਤਾਹੈ॥ਤਉਸੁਖਦੁਖਕਰਿਕੈਰਾਗਦ੍ਵੈਖਵਾਨਹੋਣਾਭੀਬਣਤਾਹੈ॥ਪ
ਰੁਸੰਜੋਗਹੈਨਹੀ॥ਅਰੁਰਾਗਦ੍ਵੈਖਕਰਿਕੈਪੜਾਜਲਤਾਹੈ॥ਤਉਮਹਾਂਮੂਰਖਤਾਹੈ॥ਆਤਮਾਤੋਸੁਖਦੁਖਕਾ
ਸਾਖੀਭੂਤਹੈ॥ਜੈਸਾਅਭਾਸਿਤਿਸਕੇਆਗੇਹੋਤਾਹੈਤੈਸਾਹੀਪੜਾਭਾਸਤਾਹੈ॥ਕਦਾਂਚਿਤਵਿਪਰਜੈਭਾਵਕਉਨ
ਹੀਪ੍ਰਾਪਤਿਹੋਤਾ॥ਸੁਖਦੁਖਵਿਖੇਮੂਰਖਦੇਹਇੰਦ੍ਰੀਆਂਮਨਆਦਿਕਰਾਗਦ੍ਵੈਖਵਾਨਹੋਤੇਹੈ॥ਆਤਮਾਤੋਸ
ਦਾਸਾਖੀਭੂਤਹੈ॥ਤਿਸਸਾਥਇੰਦ੍ਰੀਆਂਕਾਸੰਜੋਗਕੈਸੇਹੋਵੈ॥ਜੋਸੰਬੰਧਕਾਅਭਾਵਸਿਧਹੂਆ॥ਤ
ਉਆਤਮਾਵਿਖੇਕਰਤਤਭੋਗਤਤਕੈਸੇਕਹੀਐ॥ਜਹਾਂਚੇਤਕਲਨਾਹੋਤੀਹੈਤਹਾਂਕਰਤਤਭੋਗਤਤਹੋਤਾਹੈ

CC-0 Shri Krishna Museum. An eGangotri-Vedic Bharat Inititative

ਜਹਾਂਚਿਤਕਲਨਾਕਾਅਭਾਵਹੂਆਤਹਾਂਕਰਤਤਭੋਗਤਤਕੈਸੇਹੋਵੈ।ਐਸਾਨਿਹਕਲੰਕਆਤਮਮਤਮੈਹੋਂ।
ਸੋਨਕਰਤਾਹੋਂਨਭੋਗਤਾਹੋਂ।ਨਮੇਰੇਵਿਖੇਬੰਧਹੈਨਮੋਖਹੈ।ਨਅਹੰਤਾਹੈਨਅਨਹੰਤਾਹੈ।ਮੈਂਸਰਬਆਤਮਾ
ਅਲੇਪਰੂਪਹੋਂ।ਹੇਮਨਤੂੰਭੀਮੈਂਹੈਂ।ਇਸਪ੍ਰਕਾਰਨਿਰਣੈਕਰਿਕੈ।ਜਿਸਨਿਸਚੈਧਾਰਾਹੈਸੋਮੋਹਕਉਨਹੀਪ੍ਰਾਪਤਿਹੋ
ਤਾ।ਜੋਅਧਿਆਭਿਮਾਨਕਰਿਕੈ।ਇਨਕਉਜਾਨਣੇਵਾਲਾਭਿੰਨਹੋਤਾਹੈ।ਜਬਅਪਣੇਸੁਭਾਵਵਿਖੇਇਸਥਿਤਹੋਂਦਾ
ਹੈਤਬਪਰਮਸੁਖੀਹੋਤਾਹੈ।ਤਾਂਤੇਜਿਸਕਉਂਕਾਲਿਆਣਕੀਇਛਾਹੋਵੈ।ਤਿਸਕਉਏਕਆਤਮਪਰਾਇਣਹੋਵ
ਣਜੋਗਹੈ।ਜਬਸਰੂਪਕਉਤਿਆਗਕਰਿਸੰਕਲਪਕੀਓਰਧਾਵਤਾਹੈ।ਤਬਦੁਖਦੁਕੇਸਿਬੂਹਕਉਪ੍ਰਾਪਤਿ
ਹੋਤਾਹੈ।ਹੇਚਿਤਤੂੰਜੋਅਪਣੇਵਿਖੇਕਰਤਤਦੇਖਤਾਥਾਸੋਤੂੰਮਤਜੜ੍ਹਪਥਰਕੇਸਮਾਨਹੈਂ।ਤੁਮਸੰਕਰਤਤਕੈਸੇਹੋ
ਤਾਹੈ।ਜੈਸੇਆਕਾਸਵਿਖੇਬਨਨਹੀਲਾਗਤਾ।ਤੈਸੇਤੁਮਸੈਕਰਤਤਨਹੀਹੋਤਾ।ਜਬਇਸਕਉਸਰੂਪਕਾਪ੍ਰਮਾ
ਦਹੋੜਾਹੈ।ਤਬਚਿਤਆਦਿਕਸਾਥਿਆਪਕਉਮਿਲਿਆਹੂਆਜਾਣਤਾਹੈ।ਚਿਤਆਦਿਕਆਤਮਾਕੀਸਤਾ
ਕਉਪਾਇਕਾਰਿਚੇਤਨਹੋਤੇਹੈਂ।ਜੈਸੇਅਗਨਕੀਸਤਾਕਉਪਾਇਕਾਰਿਲੋਹਾਅਗਨਵਤਹੋਤਾਹੈ।ਸੋਜਲਾਵਣੇਕ
ਉਸਮਰਥਹੋਤਾਹੈ।ਤੈਸੇਆਤਮਾਕੀਸਤਾਕਉਪਾਇਕਾਰਿਕਰਤੇਹੋਤੇਹੈਂ।ਜਬਆਤਮਾਵਿਚਾਰਕਾਰਿਕੈਸਰੂਪਕਾ
ਸਾਖ੍ਯਾਤਕਾਰਹੋਤਾਹੈ।ਅਰੁਅਗਿਆਨਾਬ੍ਰਿਤਨਸ੍ਟਹੋਤੀਹੈ।ਮਨਆਦਿਕਹੁਕਾਵਿਜੋਗਹੋਤਾਹੈ।ਸਰਬਕਲਨਾ
ਤੇਰਹਤਹੂਆ।ਤਬਕੇਵਲਮੋਖਸੁਖਰੂਪਆਤਮਾਹੋਤਾਹੈ।ਕਰਤਤਭੋਗਤਤਕਾਅਭਾਵਹੋਜਾਤਾਹੈ।ਜੈਸੇਆ
ਕਾਸਵਿਖੇਨੀਲਾਈਕਾਅਭਾਵਹੈ।ਤੈਸੇਆਤਮਾਵਿਖੇਕਰਤਤਕਾਅਭਾਵਹੈ।ਸਭਜਗਤਆਤਮਰੂਪਭਾਸਤ
ਹੈ।ਜੈਸੇਸਮੁੰਦ੍ਰਤਰੰਗਆਦਿਕਨਾਨਾਆਕਾਰਹੋਤਾਹੈ।ਸੋਸਭਜਲਹੀਰੂਪਹੈ।ਜਲਤੇਇਤਰਕਛੁਨਹੀ।ਤੈਸੇ

CC-0 Shri Krishna Museum. An eGangotri-Vedic Bharat Inititative

ਸਰਬਜਗਤਆਤਮਸ੍ਰੂਪਹੈ।ਆਤਮਾਤੇਇਤਰਕਛੁਨਹੀ।ਸੋਚਿਦਾਨੰਦਆਤਮਾਮੈਂਸਦਾਅਪਣੇਆਪਵਿਖੇਏ ੯੧੫
ਸਾਥਿਤਹੈ।ਅਉਰਦ੍ਵੈਤਕਲਨਾਮੇਰੇਵਿਖੇਕਛੁਨਹੀ।ਜੈਸੇਸਮੁੰਦ੍ਰਉਸਨਤਾਤੇਰਹਤਹੈ।ਤੈਸੇਪਰਮਾਤਮਾਸਰਬ
ਕਲਨਾਤੇਰਹਤਹੈ।ਜੈਸੇਆਕਾਸਵਿਖੇਬਨਨਹੀਹੋਤਾ।ਤੈਸੇਪਰਮਾਤਮਾਵਿਖੇਕਲਨਾਨਹੀਹੋਤੀ।ਸਬੇਦਨਾਤੇ
ਰਹਤਸੰਬਤਮਾਤ੍ਰਹੈਸੋਸਰਬਹੈ।ਜਬਤਿਸਕਾਸਾਖ੍ਯਾਤਕਾਰਹੋਤਾਹੈਤਬਅਹੰਤ੍ਵਆਦਿਕਕਲਨਾਕਾਅਭਾਵ
ਹੋਤਾਹੈ।ਜੋਆਨੰਦਅਰੂਪਸਰਬਗਤਹੈਸਦਾਅਪਣੇਆਪਵਿਖੇਇਸਥਿਤਹੈ।ਐਸੇਜੋਅਦੁਤੀਤਤਹੈ
ਤਿਸਵਿਖੇਕਲਨਾਅਰੋਪਣੇਕਉਕਉਨ੍ਸਮਰਥਹੋਤਾਹੈ।ਸੋਕਉਨਹੈਜੋਆਕਾਸਵਿਖੇਰਿਗਵੇਦਕਉਲਿਖੈ
।ਨਿਤਉਦਿਤਸ੍ਵਪ੍ਰਕਾਸਰਅਦ੍ਵੈਤਤਤਆਤਮਾਹੈ।ਤਿਸਵਿਖੇਦ੍ਵੈਤਕਲਨਾਕਾਅਭਾਵਹੈ।ਸਰਬਵਿਖੇਪੂ
ਰਣਨਿਰਮਲਨਿਤਸੁਧਅਨੰਤਰੂਪਹੈ।ਐਸੇਆਤਮਾਕਉਆਪਮੈਂਪ੍ਰਾਪਤਿਹੂਆਹੈ।ਇਸਜਗਤਕਾਜੋਕਛੁ
ਸੁਖਦੁਖਹੈਸੋਨਿਜਭਾਇਆਹੈ।ਸਮਸਾਂਤਰੂਪਹੂਆਹੈ।੨੮॥ ਇਤਿਸ੍ਰੀਉਪਸਮਪ੍ਰਕਰਣੇਬੀਤਹਵ੍ਯਵਿਸ੍ਰਾਮ
ਲੋਈਦ੍ਰਾਅਨੁਸਾਸਨੇਯੋਗੋਪਦੇਸੋਨਾਮਸਰਗਹ॥ ਵਸਿਸ੍ਟਉਵਾਚ॥ ਹੇਰਾਮਜੀਇਸਪ੍ਰਕਾਰਬੀਤਹ
ਵ੍ਯਨਸੇਨਾਵਿਚਾਰਕਰਤਾਹੂਆਬਧ੍ਵਜੋਕਛੁਨਿਰਮਲਬੁਧਸਾਥਵਿਚਾਰਕਰਤਭਇਆਹੈਸੋਤੁਸਵ
ਣਕਰੁ।ਹੇਇੰਦ੍ਰੀਅਹੁਅਰੁਮਨਤੁਮਾਕਿਉਂਆਪਣੇਅਰਥਹੁਕੀਓਰਿਧਾਵਤੇਹੋ।ਤੁਮਕਉਵਿਖਿਆਦੁਕਰ
ਭੀਸਾਂਤਨਹੀਪ੍ਰਾਪਤਿਹੋਤੀ।ਜੈਸੇਮ੍ਰਿਗਮਾਰੂਥਲਕੀਨਦੀਦੇਖਕਰਿਦਉੜਤਾਹੈ।ਅਰੁਸਾਂਤਵਾਨਨਹੀ
ਹੋਤਾ।ਤੈਸੇਤੁਮਵਿਖਿਆਦੁਕੀਤ੍ਰਿਸਨਾਕਰਿਸਾਂਤਵਾਨਨਹੋਵਹੁਗੇ।ਇਨਕੀਇਛਾਤਿਆਗਕਰਿਸਭੁਜੋ
ਹੈਪਰਮਾਤਮਤਤਜਿਸਕਾਅਭਾਵਕਦਾਚਿਤਨਹੀਹੋਤਾ।ਸਰਬਅਵਸਥਾਵਿਖੇਏਕਰਸਹੈ।ਤਿਸਕਉ

CC-0 Shri Krishna Museum. An eGangotri-Vedic Bharat Inititative

ਗ੍ਯਾਨਕਰੋਗੇ।ਤਬਤੁਮਾਰੇਸਰਬਦੁਖਮਿਟਜਾਵੈਂਗੇ।ਅਉਰਕਿਸੀਪ੍ਰਕਾਰਦੁਖਨਿਵਰਤਨਹੋਵੈਂਗੇ।ਤੁਮਾਰੇਸਾਥਬਹੁ
ਮਿਲਿਆਥਾਤਬਭੀਦੁਖਪਾਇਆਥਾ।ਤੁਮਅਗਿਆਨਕਾਰਿਕੈਉਤਪਤਿਭਏਹੋ।ਜੋਤੁਮਾਰੇਸਾਥਮਿਲਤਾਹੈਤਿ
ਸਕਉਦੁਖਪ੍ਰਾਪਤਿਹੋਤਾਹੈ।ਜੈਸੇਤਪੀਹੂਈਲਾਖਜਿਸਕੇਸਰੀਰਸਾਥਸਪਰਸਕਰਤੀਹੈਤਿਸਕਉਜਲਾਵਤੀ
ਹੈ।ਤੈਸੇਜਿਸਕਉਤੁਮਾਰਾਸੰਗਭਇਆਹੈਸੋਦੁਖਕਉਪ੍ਰਾਪਤਿਹੋਤਾਹੈ।ਹੇਮਨਾਇਹਜੀਵਜੋਮਰਤਾਹੈਸੋਕਾਲ
ਕੇਮੁਖਮੈਜਾਇਪ੍ਰਵੇਸਕਰਤਾਹੈ।ਸੋਤੁਮਾਰੇਸੰਗਕਰਿਜਾਇਪੜਤਾਹੈ।ਜੈਸੇਨਦੀਜਲਸਹਿਤਹੋਤੀਹੈਤਬਸਮੁੰਦ੍ਰਕੀ
ਓਰਚਲੀਜਾਤੀਹੈ।ਜਲਤੇਰਹਤਹੋਵੈਤਬਕਿਉਂਜਾਵੈ।ਤੈਸੇਤੁਮਾਰੇਸੰਗਕਾਰਿਕਾਲਕੇਮੁਖਮੈਜਾਇਪੜਤਾਹੈ
ਤੁਮਾਰਾਸੰਗਨਹੋਵੈਤੋਕਾਹੇਕਉਪੜੇ।ਜੈਸੇਮੇਘਕੁਹੀੜਕਰਕੈਸੂਰਜਕਉਅਛਾਦਲੇਤਾਹੈ।ਤੈਸੇਮਨਰੂਪੀਮੇਘ
ਇਛਾਰੂਪੀਕੁਹੀੜਕਾਰਿਕੈਆਤਮਾਰੂਪੀਸੂਰਜਕਉਅਛਾਦਲੇਤਾਹੈ।ਅਰੁਪਰੰਪਰਾਦੁਖਹੁਕੀਵਰਖਾਕਰਤਾ
ਰਹੈ।ਹੇਮਨਤੇਰੇਵਿਖੇਜੋਚਿੰਤਾਪੜੀਉਠਤੀਹੈਸੋਤੂੰਮਰਕਟਕੀਨਿਆਈਹੈਂ।ਜੈਸੇਮਰਕਟਬ੍ਰਿਛਕਉਠਹਰਣੇਨਹੀ
ਦੇਤਾ।ਪਤ੍ਰਹਿਲਾਵਤਾਹੈ।ਤੈਸੇਚਿਤਦੇਹਕਉਠਹਰਣੇਨਹੀਦੇਤਾ।ਚਿਤਰੂਪੀਪੰਖੇਰੂਹੈ।ਲੋਭਅਰੁਦਲਜਾਤਿ
ਸਕੇਦੋਨੋਪੰਖਹੈਂ।ਰਾਗਦ੍ਵੈਖਰੂਪੀਉਚਰਹੈ।ਤਿਸਕਾਸਰੀਰਰੂਪੀਬ੍ਰਿਛਪਰਬੈਠਕਰਸੁਭਰੂਪੀਗੁਨਹੁਕਉਕਟ
ਕਾਟਖਾਤਾਹੈ।ਚਿਤਰੂਪੀਕੂਕਰਹੈਸੋਮਹਾਂਨੀਚਹੈ।ਭੋਗਵਾਸਨਾਰੂਪੀਜੋਅਪਵਿਤ੍ਰਪਦਾਰਥਹੈਂਤਿਨਕਉਗੇਰੇਰੂਪੀ
ਇਸਥਾਨਾਵਿਖੇਪੜਾਇਕਠੇਕਰਤਾਹੈ।ਐਸੀਚੇਸਟਾਤੇਕਦਾਂਚਿਤਨਿਵਰਤਨਹੀਹੋਤਾ।ਚਿਤਰੂਪੀਉਲੂਹੈ।ਅਗਿਆ
ਨਰੂਪੀਰਾਤ੍ਰਵਿਖੇਆਇਨਿਵਾਸਕਰਤਾਹੈ।ਅਰੁਚੇਸਟਾਕਰਪ੍ਰਸੰਨਹੋਤਾਹੈ।ਸਬਦਕਰਤਾਹੈ।ਜੈਸੇਮਸਾਣਾਵਿਖੇਬੈ
ਠਾਸਬਦਕਰਤਾਹੈ।ਜਬਅਗਿਆਨਰੂਪੀਰਾਤ੍ਰਨਸਟਹੋਵੈਤਬਚਿਤਰੂਪੀਉਲੂਕਾਅਭਾਵਹੋਜਾਤਾਹੈ।ਸਪ

CC-0 Shri Krishna Museum. An eGangotri-Vedic Bharat Inititative

ਦਾਉਦੇਹੋਤੀਹੈ॥ਜੈਸੇਸੂਰਜਕੇਉਦੇਹੂਏਸੂਰਜਮੁਖੀਕਮਲਪ੍ਰਫੁਲਤਹੋਤੇਹੈਂ॥ਤੈਸੇਸਿਧਾਂਤਪ੍ਰਫੁਲਤ ੫੬
ਹੋਤਾਹੈ॥ਜਬਸੋਸਰੂਪੀਕੁਹੀੜਅਰੁਇਛਾਰੂਪੀਧੂੜਾਂਤੇਰੂਪੀਆਕਾਸਸੋਂਨਿਰਮਲਹੋਤੀਹੈ॥ਤਬਨਿਰ
ਮਲਪ੍ਰਕਾਸਪ੍ਰਗਟਹੋਤਾਹੈ॥੨॥ਚਿਤਜਬਲਗਤ੍ਰਿਸਨਾਸੁਨਹੀਹੋਤਾ॥ਤਬਲਗਸਾਂਤਿਨਹੀਹੋਤੀ॥ਜੈਸੇਅ
ਨ੍ਰਿਣਅਕਸਮਾਤਤੇਮੇਘਆਵੈਅਰੁਗੜੇਕੀਵਰਖਾਕਰੈ॥ਤਿਸਕਰਿਕੈਮਾਰਗਕੇਚਲਨੇਵਾਲੇਪੈਂਡੇ
ਈਕਸਟਪਾਵਤੇਹੈਂ॥ਤੈਸੇਤ੍ਰਿਸਨਾਬਧੈਹੂਏਚਿੰਤਾਅਨਪ੍ਰਾਪਤਿਹੋਤੀਹੈ॥ਸੰਕਲਪਾਦਿਕਲਪਰੂਪੀਗੜੇ
ਕੀਵਰਖਾਕਰਤਾਹੈ॥ਤਿਸਕਰਿਸਤਮਾਰਗਚਲਾਣੇਵਾਲੇਖੇਦਪਾਵਤੇਹੈਂ॥ਅਰੁਜਹਾਂਤ੍ਰਿਸਨਾਸੁਹੋਜਾ
ਤੀਹੈ॥ਤਹਾਂਸਰਬਕਉਆਨੰਦਹੋਤਾਹੈ॥ਸੀਤਲਤਾਅਰੁਮਿਤ੍ਰਤਾਕਰਪਾਵਨਹੋਤਾਹੈ॥ਜੈਸੇਸਰਤਕਾ
ਲਕਾਆਕਾਸਨਿਰਮਲਹੋਤਾਹੈ॥ਮੇਘਧੁਕੇਨਾਸਹੂਏਸੂਰਜਪ੍ਰਕਾਸਤਾਹੈ॥ਤੈਸੇਅਗਿਆਨਕੇਨਾਸਹੂ
ਏਆਤਮਾਪ੍ਰਕਾਸਤਾਹੈ॥ਤਬਪ੍ਰਸੰਨਤਾਗੰਭੀਰਤਾਮਹਤਤਾਸਤਤਾਸਮਤਾਹੋਤੀਹੈ॥ਜੈਸੇਵਾਉਅਰੁ
ਮੰਦ੍ਰਾਚਲਪਰਬਤਤੇਂਰਹਤਖੀਰਸਮੁੰਦ੍ਰਸਾਂਤਵਾਨਹੂਆ॥ਜੈਸੇਪੂਰਣਮਾਸੀਕਾਚੰਦ੍ਰਮਾਸੋਭਤਾਹੈ॥ਤੈ
ਸੇਇਹਅਗਿਆਨਕੇਨਾਸਹੂਏਆਤਮਾਨੰਦਕਉਪਾਇਅੰਮ੍ਰਿਤਕਰਿਸੋਭਤਾਹੈ॥੩॥ਚਿਤਾਇਹਜੋਇਸਥ
ਵਰਜੰਗਮਜਗਤਹੈਸਿਥਤਆਕਾਸਾਵਿਖੈਹੈ॥ਤਿਸਮਾਹਤਬ੍ਰਹਮਕਉਤੂੰਭੀਪ੍ਰਾਪਤਿਹੋ॥ਜੈਸੇਪ੍ਰਥ
ਰਥੂਆਸਕੀਧਾਮੀਕਉਤੋੜਕਰਆਤਮਤਤਕਉਪ੍ਰਾਪਤਿਹੂਆਹੈ॥ਅਰੁਸੰਸਾਰਕਾਸਦਭਾਵਦੂਰ
ਕੀਆਹੈ॥ਸੋਜਨਮਮਰਣਕੇਬੰਧਨਮੋਂਨਹੀਪੜਤਾ॥ਜੈਸੇਜਲਿਆਹੂਆਪੜਬਬੂਹੜਸਾਵਾਨਹੀਹੋ
ਤਾ॥ਤੈਸੇਚਿਤਨਾਸਹੂਆ॥ਜਰਾਮਰਣਕਉਨਹੀਪਾਵਤਾ॥੪॥ਚਿਤਸਰਬਕਉਤਿਆਗਕਰਦਹਾਰਾਗੋ

CC-0 Shri Krishna Museum. An eGangotri-Vedic Bharat Inititative

ਤੂੰਸਿਆਰਕੀਸਤਤਾਮਾਨਕਰਿਜਗਤਕੀਓਰਧਾਵੈਗਾਤਬਮਨਹੋਵੈਗਾ।ਜੋਆਤਮਾਕੀਓਰਧਾਵੈਗਾਤ ੮੮
ਬਤੇਰਾਪਰਮਕਲਿਆਣਹੋਵੈਗਾ।ਜੋਤੂੰਅਪਣਾਸਦਭਾਵਕਰੈਗਾ।ਜੋਅਹੰਕਾਰਕਉਨਾਤਿਆਗੈਗਾਤ
ਬਦੁਖੀਹੋਵੈਂਗਾ।ਜੋਤੇਰਾਜੀਵਣਾਹੈਸੋਮ੍ਰਿਤਕਸਮਾਨਹੈ।ਤੇਰਾਮ੍ਰਿਤਹੋਵਣਾਜੀਵਣੇਕੇਸਮਾਨਹੈ।ਦੋਨਉ
ਪਖਹੂਵਿਖੇਜੋਤੇਰੀਇਛਾਹੈਸੋਅੰਗੀਕਾਰਕਰ।ਜਉਤੂੰਅਬਹੀਆਤਮਭਾਵਵਿਖੇਆਪਕਉਨਿਰਬਾਣਕ
ਰੈਗਾ।ਤਬਪਰਮਪਦਕਉਪ੍ਰਾਪਤਿਹੋਵੈਗਾ।ਪਰਮਸੁਖੀਹੋਵੈਗਾ।ਜੋਨਕਰੈਗਾਤਬਦੁਖੀਹੋਵੈਗਾ।ਜੋ
ਆਤਮਸੁਖਕਉਤਿਆਗਕਰੈਗਾ।ਸੋਮੂੜਹੈ।ਤੇਰਾਨਿਰਬਾਣਹੋਵਣਾਹੀਆਤਮਪਦਵਿਖੇਜੀਵਣੇਕੇਨਾਮ
ਤਹੈ।ਆਤਮਾਤੋਇਤਮਾਨਕਰਿਤੂੰਜੀਵਣੇਕੀਇਛਾਕਰਤਾਹੈਂ।ਸੋਤੇਰਾਜੀਵਣਾਮਿਥਿਆਹੈ।ਨਹੋਵੈਗਾ
ਇਹਅਰਥਹੈ।ਕਾਹੇਤੇਜੋਤੂੰਆਦਿਭੀਨਥਾ।ਅਬਭੀਵਿਚਾਰਬਿਨਾਭ੍ਰਮਾਤਾਹੈਂ।ਵਿਚਾਰਕੀਏਤੇਨਾਸ
ਹੋਜਾਵੈਂਗਾ।ਜੈਸੇਸੂਰਜਕੇਪ੍ਰਕਾਸਬਿਨਾਅੰਧਕਾਰਹੋਤਾਹੈ।ਪ੍ਰਕਾਸਕਰਿਕੈਤਮਕਾਅਭਾਵਹੋਜਾਤਾਹੈ।ਤੈ
ਸੇਵਿਚਾਰਬਿਨਾਚਿਤਹੈ।ਵਿਚਾਰਕਰਿਕੈਨਾਸਹੋਜਾਵੈਗਾ।ਏਤਾਕਾਲਮੈਂਅਵਿਵੇਕਤੇਂਤੇਰੇਸਾਥਿਮਿਲਕਰਿ
ਦੁਖਪਾਵਤਾਰਹਾਹੈ।ਜੈਸੇਬਾਲਕਕਉਅਪਣੇਪਛਾਵੇਂਵਿਖੇਬੇਤਾਲਕਲਪਨਾਹੋਤੀਹੈ।ਵਿਚਾਰਬਿਨਾਭੈ
ਕਉਪਾਵਤਾਹੈ।ਵਿਚਾਰਕਰਕੈਨਿਰਭੈਹੋਤਾਹੈ।ਤੈਸੇਮੈਂਆਬਿਤੇਰੇਸੰਜੋਗਤੇਛੂਟਅਪਣੇਪੂਰਬਰੂਪਕ
ਉਪ੍ਰਾਪਤਿਹੂਆਹੋ।ਵਿਵੇਕਕਰਕੈਤੇਰਾਅਭਾਵਭਇਆਹੈ।ਤਾਂਤੇਵਿਵੇਕਕਉਨਮਸਕਾਰਹੈ।ਹੇਚਿਤਅ
ਵਿਵੇਕਕਰਿਕੈਤੂੰਮੇਰਾਮਿਤ੍ਰਥਾ।ਅਬਬੋਧਕਰਿਕੈਤੇਰਾਚਿਤਤਭਾਵਨਾਸਭਇਆਹੈ।ਤੂੰਪਰਮੇਸੂਰਰੂਪਹੈ।
ਆਬਿਵਾਸਨਾਨਸਭਈਹੈ।ਆਬਿਤੇਰੇਵਿਖੇਨਨਾਪ੍ਰਕਾਰਕੀਵਾਸਨਾਥੀ।ਇਸਕਰਿਤੂੰਮਲਨਦੁਖਰੂਪਥਾ

CC-0 Shri Krishna Museum. An eGangotri-Vedic Bharat Inititative

ਹੁਆਥਵਾਸਨਾਨਾਸੁਭਈਆ॥ਹੇਰਾਮਤਊਪਰਮੇਸੁਰਰੂਪਭਇਆਹੈਂ॥ਚਿਤਤਭਾਵਤੇਰੇਵਿਖੇਅਗਿਆਨਕਾਰਿ
ਕੈਰੂਪਜਾਦੁਖਕਾਕਾਰਣਥਾ॥ਸੋਵਿਵੇਕਕਰਿਲੀਨਭਇਆਹੈ॥ਜੈਸੇਰਾੜਕੇਪਦਾਰਥਸੂਰਜਊਦੇਹੂਏ ਨਾਸਹੋ
ਜਾਤੇਹੈ॥ਤੈਸੇਵਿਵੇਕਕਰਿਚਿਤਭਾਵਨਾਸਹੋਜਾਤਾਹੈ॥ਜੋਪਰਮਾਸਿਧਤਾਕੇਨਮਿਤਹੈ॥ਤੇਰੇਸੰਗਕਰਿਮੈਂਤ੍ਰਿਛਤੋ
ਸਾਹੋਗਇਆਥਾ॥ਅਬਜਾਸਤ੍ਰਹੂਕੀਜੁਗਤਹੁਕਰਿਨਿਰਣੈਕੀਆਹੈ॥ਜੋਤੂੰਆਗੈਬਤਾਇਆਥਿਹੈਨਥਦੂਰ
ਹੋਵੈਗਾ॥ਜਬਲਗਮੈਂਆਪਕਉਨਜਾਣਿਆਥਾਤਬਤੇਰਾਸਦਭਾਵਥਾ॥ਅਬਮੈਂਆਪਕਉਜਾਣਿਆਹੈ॥ਅ
ਰੁਆਪਣੇਆਪਵਿਖੇਇਸਥਿਤਭਇਆਹੈ॥ਮੈਂਪਰਮਨਿਰਬਾਣਸਰੂਪਹੈ॥ਸਭਤਾਪਮੇਰੇਨਾਸਭਏਹੈ॥ਨਿਤਸੁ
ਧਪਰਮਬ੍ਰਹਮਸਤਾਚਿਤਆਨੰਦਰੂਪਹੈ॥ਜਗਤਕੀਸਤਅਸਤਕਲਨਾਮੇਰੀਨਾਸਭਈਹੈ॥ਕਾਹੇਤੇਜੋਕਲਨਾ
ਸਭਚਿਤਵਿਖੇਥੀ॥ਜਬਚਿਤਨਿਰਬਾਣਹੋਗਇਆ॥ਤਬਕਲਨਾਕਹਾਂਰਹੈ॥ਮੈਂਕੇਵਲਸੁਧਆਤਮਾਹੈ॥ਕੋਊ
ਨਪ੍ਰਿਤਮੇਰੀਹੈਨਾਵਿਦਵੇਖਹੈ॥ਕਾਹੇਤੇਂਦੂਸਰਾਕੋਊਨਹੀ॥ਚਿਤਕੀਚੇਤਨਾਪਹਿਰੀਫੁਰਨੀਥੀ॥ਸੋਨਿਰਬਾਣਹੋਗਈ
॥ਅਬਮੈਂਸ੍ਵਸਥਹੂਆ॥ਜੈਸੇਤਰੰਗਹੁਤੇਂਰਹਤਸਮੁੰਦ੍ਰਅਚਲਹੋਤਾਹੈ॥ਤੈਸੇਮੈਂਸਰਬਕਲਨਾਤੇਂਰਹਤਾਨਸਤਮ
ਗਹੈ॥ਸੰਬੇਦਨਾਤੇਂਰਹਤਸਤਾਮਾਤ੍ਰਆਪਣੇਆਪਵਿਖੇਇਸਥਿਤਹੈ॥੮੦॥ਇਤਿਊਪਸਮਪ੍ਰਕਰਣੇਬੀਤਹਵ
ਸੂਪ੍ਰਲਾਪੋਜੇਸੇਚਿਤਮੇਂਚਿਨਾਸਗਾਥਾ ॥ ਇਕਵਿੰਜਵੰਦਾਸਰਗ ॥ ਹੇਰਾਮਜੀਇਸਪ੍ਰਕਾਰਬੀਤਹਵਨਿ
ਰਵਾਣੀਹੋਕਰਿਬਿੰਧਿਆਚਲਪਰਬਤਕੀਕੰਦਰਾਵਿਖੇਸਮਾਧਕਰਤਾਭਇਆ॥ਨਿਰਮਲਚਿਤਆਕਾਸਕੀਨਿਆਈ
ਕਾਰਾਇੰਦ੍ਰੀਆਂਕੀਬ੍ਰਿਤਬਾਹਜਤੇਖੈਂਚਕਰਿਅਚਲਕਰਤਾਭਇਆ॥ਸਿਰਅਰੁਗ੍ਰੀਵਾਂਕਉਸਮਕੀਆ॥ਹਰਿ
ਤਕੀਬ੍ਰਿਤਕਉਅਨਿਲਆਕਾਸਤਤਸਾਖੀਰੂਪਵਿਖੇਇਸਥਿਤਕੀਆ॥ਜੈਸੇਲਕੜੀਅਹੁਕਉਜਲਾਇਕਰਿਸਮ

CC-0 Shri Krishna Museum. An eGangotri-Vedic Bharat Inititative

ਗਨਕੀਨਿ੍ਤਾਜਾਂਤਆਸਪੰਦਹੋਜਾਤੀਹੈ॥ਤੈਸੇਪ੍ਰਾਣਅਰੁਮਨਕੀਬ੍ਰਿਤਕਾਇਸਪੰਦਮਿਟਗਇਆ॥ਜੈਸੇਸਿਲਾਵਿ
ਖੇਉਕ੍ਰੀਰਕਪੁਤਲੀਹੋਤੀਹੈ॥ਜੈਸੇਮੂਰਤਕੀਲਿਖੀਪੁਤਲੀਹੋਤੀਹੈ॥ਤੈਸੇਓਇਸਥਿਤਹੋਗਇਆ॥ਅਰੁਤੀ
ਨੋਂਸੇਵਰਖਸਮਾਧਾਵਿਖੈਇਸਥਿਤਾਬਤੀਤਹੋਗਇਆ॥ਜੈਸੇਏਕਅਰਧਮਹੂਰਤਾਬਤੀਤਹੋਤਾਹੈ॥ਤੈਸੇਬੀਤਗ
ਇਆ॥ਸਮਾਧਾਵਿਖੈਲਗੇਹੂਏ॥ਮੇਘਾਂਦਕੀਵਰਖਾਸਿਰਊਪਰਵਰਖੈ॥ਅਰੁਮੰਡਲੇਸੂਰਆਨਕਰਿਸਿਕਾਰਖੇਲੈ॥
ਬਡੇਸਬਦਹੋਵੈਂ॥ਅਰਿਛਬਾਂਦਰਹੂਕੇਸਬਦਹੋਵੈਂ॥ਸਿੰਘਾਂਦਕੇਸਬਦਹੋਵੈਂ॥ਪਰਉਹਜਾਗੇਨਹੀ॥ਬਨਕਉਅਗਨ
ਲਾਗੇਗਾੜੇਕੀਵਰਖਾਹੋਵੈ॥ਵਾਉਚਲੇਧੂਪਲਾਗੇਤਬਭੀਸਮਾਧਤੇਨਜਾਗੇ॥ਤਬਜੈਸੇਪਹਾੜਾਵਿਖੈਸਿਲਾਦਬੀ
ਹੋਤੀਹੈ॥ਤੈਸੇਸਰੀਰਦਾਬਿਆਗਇਆ॥ਜਬਤੀਨਸਉਵਰਖਾਬਤੀਤਭਇਆ॥ਤਬਚਿਤਆਨਫੁਰਿਆ॥ਸੁ
ਸਰੀਰਮੇਰੇਸਾਥਹੈ॥ਪ੍ਰਾਣਨਹੀਫੁਰਤੇ॥ਤਬਚਿਤਕੇਫੁਰਣੇਵਿਖੈਆਪਕਉਕੈਲਾਸਬਨਮੈਕਦੰਬਕੇਨੀਚੇਸਉ
ਵਰਖਪ੍ਰਜੰਤਮੁਨੀਹੋਕਾਰਿਵਿਚਰਾ॥ਜੀਵਨਮੁਕਤਿਨਿਰਮਲਆਤਮਕਾ॥ਠੌਰਿਵਿਦਿਆਧਰਹੁਵਿਖੈਵਿਦਿਆਧਰ
ਹੋਕਾਰਿਵਿਚਰਤਾਭਇਆ॥ਸਉਵਰਖਪ੍ਰਜੰਤ॥ਤਿਸਕੇਆਗੇਅਉਰਪਾਂਚਸਉਜੁਗਇੰਦ੍ਰਹੋਕਾਰਿਰਹਾ॥ਦੇਵਤਾ
ਨਮਸਕਾਰਕਰੈ॥ ਰਾਮੋਵਾਚ॥ ॥ਹੇਭਗਵਨ॥ਐਸੇਦੇਸਕਾਲਕਾਮੁਨਆਦਿਕਪ੍ਰਤਬ੍ਰਾਕਾਇਹਅਨੇਤਅਨੇਮਉ
ਸਕਉਕੈਸੇਲਾਇਆ॥ ਵਸਿਸਟੋਵਾਚ॥ ॥ਹੇਰਾਮਜੀ॥ਚਿਤਸਕਤਸਰਬਆਤਮਾਰੂਪਹੈ॥ਜੈਸਾਜੈਸਾ॥ਤਿਸਾਵਿ
ਖੈਫੁਰਣਾਫੁਰਤਾ॥ਤੈਸਾਤੈਸਾਹੋਇਭਾਸਤਾਹੈ॥ਜੈਸੇਜੈਸੇਦੇਸ ਅਰੁਕਾਲਕਾਫੁਰਣਾਫੁਰਤਾਹੈ॥ਤੈਸਾਹੀ
ਭਾਸਨਲਗਹੋਤਾਹੈ॥ਹੇਰਾਮਜੀ॥ਜੇਤਕਛੁਪਰਪੰਚਹੈ॥ਸੋਸਭਮਨਮਾਤ੍ਰਹੈ॥ਜੈਸਾਜੈਸਾਮਨਕਾਫੁਰਣਾ॥ਤੈਸਾਤੈਸਾਹੋਤਾਹੈ॥ਤੇ
ਜਾਨਲਗਦਸਤਾਵਿਖੈਭਾਸਤਾਹੈ॥ਅਰੁਨੇਮਆਦਿਕਭੀਉਹੀਹੋਤੇਹੈ॥ਜਹਾਂਇਸਥਿਤਹੋਤਾਹੈ॥ਜੋਅਉਰਭ੍ਰਮ

CC-0 Shri Krishna Museum. An eGangotri-Vedic Bharat Inititative

ਦ੍ਰਿਧੋਗਾਏਅਤੇਨੇਮਕੈਸਾ॥ਜੈਸਾਭਾਸਤਾਹੈਤੈਸਾਹੀਹੈ॥ਜੋਅਗਿਆਨੀਹੋਤਾਹੈ॥ਤਿਸਕਉਨਾਨਾਪ੍ਰਕਾਰਕੀਦ੍ਰਿਸ ੫੧੮
ਟਿਹੋਤੀਹੈ॥ਤਿਸਕਰਿਨਾਨਾਪ੍ਰਕਾਰਕਾਜਗਤਭਾਸਤਾਹੈ॥ਅਰੁਜੋਗਿਆਨਵਾਨਹੋਤਾਹੈ॥ਸੋਸਰਬਆਤਮਾਦੇਖਤ
ਹੈ॥ਤਿਸਕਾਫੁਰਣਾਭੀਅਫੁਰਣਾਹੈ॥ਅਰੁਵਾਸਨਾਭੀਅਵਾਸਨਾਹੈ॥ਬੀਤਹਵ੍ਯਮੁਨੀਸ੍ਵਰਜੀਐਸੇਦੇਖਤਾਭਇ
ਆ॥ਸੋਚਿਤਕੇਸਪੰਦਕਰਿਦੇਖਿਆ॥ਪਰੁਸ੍ਵਸਰੂਪਥਾ॥ਉਸਕੀਵਾਸਨਾਅਵਾਸਨਾਥੀ॥ਜੈਸੇਭੂੰਨਾਬੀਜਹੋਤਾਹੈ
ਸੋਬਹੁੜਿਉਗਵਤਾਨਾਹੀ॥ਤੈਸੇਉਸਕੀਵਾਸਨਾਅਵਾਸਨਾਥੀ॥ਭੂੰਤਕਾਕਾਰਣਨਾਹੀ॥ਕਲਪਪਰਜੰਤਚਿਦ੍ਰਪ
ਗੀਸਦਾ॥ਜਿਵਕਾਗਬਣਹੋਕਰਿਵਿਚਾਰਿਆ॥ਸਮਸਤਾਵਿਦਿਆਕਾਗਿਆਤਾਸਰਬਗਤ੍ਰਿਕਾਲਦਰਸੀਜੀਵ
ਨਮੁਕਤਿਹੋਕਰਿਵਿਚਾਰਿਆ॥ਹੇਰਾਮਜੀਜੈਸਾਕਿਸੀਕਾਸਿਸਕਾਰਦ੍ਰਿੜਹੋਤਾਹੈਤੈਸਾਅਨਭਵਤਿਸਕਉਹੋ
ਤਾਹੈ॥ਜੈਸੇਬੀਤਹਵ੍ਯਚਿਤਕੇਇਸਪਦਾਵਿਖੇਭੀਜੀਵਨਮੁਕਤਿਅਨਭਵਕਰਤਭਇਆ॥ ॥ਰਾਮੋਵਾਚ॥ ॥ਹੇ
ਭਗਵਾਨਜੋਐਸੇਹੈਤਉਜੀਵਨਮੁਕਤਿਕੇਮਤਾਵਿਖੇਭੀਬੰਧਮੈਂਖਪੂਈ॥ਜੈਸੇਬੀਤਹਵ੍ਯਕਉ॥ ॥ਵਸਿਸਟੋਵ
ਾਚ॥ ॥ਹੇਰਾਮਜੀਜੀਵਨਮੁਕਤਿਕਉਸਭਬ੍ਰਹਮਸਰੂਪਭਾਸਤਾਹੈ॥ਬੰਧਅਰੁਮੁਕਤਿਅਵਸਥਾਤਿਸਾਵਿ
ਖੇਕਛੁਨਾਹੀ॥ਗਿਆਨਮਾਤ੍ਰਆਕਾਸਾਵਿਖੇਜੈਸਾਜੈਸਾਫੁਰਣਾਹੋਤਾਹੈਤੈਸਾਹੋਭਾਸਤਾਹੈ॥ਹੇਅੰਗਇਹਸਭਚਿ
ਨਮਾਤ੍ਰਸਰੂਪਹੈ॥ਅਰੁਜਗਤਜੋਨਾਨਾਪ੍ਰਕਾਰਭਾਸਤਾਹੈ॥ਸੋਮਨਕਰਿਕੈਭਾਸਤਾਹੈ॥ਵਾਸਤ੍ਵਤੇਜਗਤ
ਹੈਨਾਅਜਗਤਹੈ॥ਕੇਵਲਬ੍ਰਹਮਸਤਾਪਰਕਾਸਤੀਹੈ॥ਭੂਤਭਾਵਿਖਤਜਗਤਕੇਕੇਵਲਬ੍ਰਹਮਸਤਾਭਾ
ਸਤੀਹੈ॥ਚਿਨਮਾਤ੍ਰਤੇਜੋਕਛੁਇਤ੍ਰਭਾਸਤਾਹੈ॥ਸੋਮਨਕੇਫੁਰਣੇਕਰਿਕੈਭਾਸਤਾਹੈ॥ਐਸਾਜਿਸਕਉਗਿ
ਆਨਨਾਹੀ॥ਤਿਸਕਉਜਗਤਵਸ੍ਤੁਸਾਰਤੇਦ੍ਰਿੜਹੋਇਭਾਸਤਾਹੈ॥ਅਰੁਗਿਆਨਵਾਨਕਉਆਕਾਸਰੂਪਹੋ

CC-0 Shri Krishna Museum. An eGangotri-Vedic Bharat Inititative

ਇਭਾਸਤਾਹੈ॥ਹੇਰਾਮਜੀਆਗਿਆਨਕਰਿਕੈਮਨਉਪਜਿਆਹੈ॥ਤਿਸਕਰਿਸੰਪੂਰਣਜਗਤਹੂਆਹੈ॥ਦ੍ਵਾ
ਸਤੂਤੇਅਉਭਕਛੂਨਹੀ॥ਜੈਸੇਸਮੁੰਦ੍ਰਵਿਖੇਤਰੰਗਉਲਾਸਹੋਤਾਹੈ॥ਤੈਸੇਬ੍ਰਹਮਵਿਖੇਜਗਤਹੈ॥ਜੈਸੇਚਿਤ
ਕਾਫੁਰਣਾਹੋਤਾਹੈ॥ਤਿਸਕੇਅਨੁਸਾਰਚਿਦਕਾਸਵਿਖੇਆਕਾਰਭਾਸਤੇਹੈਂ॥ਜਬਚਿਤਅਚਿਤਹੋਤਾਹੈਤਬਦ੍ਵੈ
ਤਕਛੂਨਹੀਭਾਸਤਾ॥੮॥ [illegible] ॥੧॥ [illegible]
[illegible] ॥ਹੇਭਗਵਨਉਹਬੀਤਹਵ੍ਯਮੁਨੀਸ੍ਵਰਜੋਬਿੰਧਾਚਲਪਰਬਤਕੀਕੰਦਰਾਵਿਖੇਇਸਥਿਤਹਾਸਿਆਥਾ॥
ਸੋਬਹੁੜਉਸਕੀਕਿਆਦਸਾਭਈ॥ਵਸਿਸਟਉਵਾਚ॥ਹੇਰਾਮਜੀਤਿਸਕੇਅਨੰਤਰਉਹਅਭ੍ਯਾਸਵਿਤਬੀਤ
ਹਵ੍ਯਮੁਨੀਸ੍ਵਰਤੇਜਵਾਨਥਾ॥ਸੋਏਕਕਾਲਮੈਅਪਣੇਸਰੀਰਗਣਦੁਕਉਮਨਕਰਿਕੈਵਿਚਾਰਤਭਇਆ॥ਕਈਜਨਮ
ਹੋਗਏਹੈਂ॥ਕਈਜਨਮਹੈਂ॥ਜਨਮਾਵਿਖੇਬਹੁੜਪ੍ਰਥਵੀਕੇਮਧਵਿਖੇਇਸਥਿਤਥਾਜੋਤਿਸਕਉਦੇਖਤਾਭਇਆ॥ਜੋ
ਪੁੜਕੋਟਰਾਵਿਖੇਪੜਤੀਥੀਵਰਖਾਕਰਿਕੈਖੁਭਵਾਇਆਥਾ॥ਬਹੁਰਾਚਿਕੜਾਵਿਖੇਫਸਗਇਆਹੈ॥ਭੂਪਰਿ
ਤੇਣਜਾਲਜੰਗਮਗਏਹੈਂ॥ਤਿਸਕਉਦੇਖਕਰਿਕਹਣੇਲਾਗਾ॥ਜੁਇਸਵਿਖੇਪ੍ਰਵੇਸਕਰੋ॥ਬਹੁੜਾਵਿਚਾਰਕੀ
ਆ॥ਜੁਇਹਤਉਜੜਹੋਗਿਆਸਕਤਰੂਪਹੈ॥ਅਰੁਫਸਿਆਹੂਆਹੈ॥ਇਸਕੇਨਿਕਾਸਣੇਕਉਮੈਂਸਮਰਥਨਹੀ
॥ਤਾਂਤੇਮੈਂਸੂਰਜਕੇਮੰਡਲਕਉਜਾਵਉ॥ਸੂਰਜਕਾਜੋਸਾਰਥੀਪਿੰਗਲਹੈਅਰੁਣਜੋ॥ਇਸਕਉਨਿਕਾਸੇਗਾ॥ਅ
ਥਵਾਮੁਝਕਉਇਸਕੇਸਾਥਕਿਆਪ੍ਰਯੋਜਨਹੈ॥ਇਹਨਾਸਹੋਜਾਵੈਅਥਵਾਰਹੈ॥ਏਤਾਜਤਨਮੈਂਕਿਸਲਈਅ
ਤਕਰਾਂ॥ਮੈਂਅਪਣੇਨਿਰਬਾਣਸਰੂਪਵਿਖੇਇਸਥਿਤਹੋਵਉ॥ਦੇਹਕੇਸਾਥਮੇਰਾਕਿਆਪ੍ਰਯੋਜਨਹੈ॥ਇਸਪ੍ਰਕ
ਾਰਚਿਤਵਕਰਿਬੀਤਹਵ੍ਯਤੂਸਨੀਹੋਗਇਆ॥ਏਕ [illegible] ਖਿਣਾਵਿਖੇਬਹੁੜਾਚਿਤਵਨੀਭਈ॥ਜੋ

CC-0 Shri Krishna Museum. An eGangotri-Vedic Bharat Inititative

ਪ੍ਰਿਥਵੀਵਿਖੇਨਦੇਹਕਾਰਿਕਛੁਤਿਆਗਣੇਜੋਗਹੈ।ਨਕਛੁਗ੍ਰਹਿਣਕਰਣੇਜੋਗਹੈ।ਜੈਸੇਦੇਹਕਾਤਿਆਗ ੬੨੯
ਣਾਤੈਸੇਦੇਹਕਉਰਾਖਣਾਸਮਾਨਹੈ।ਇਹਸਰੀਰਕਿਸਨਮਿਤਦਾਬਿਆਰਹੈ।ਅਰੁਕਛੁਕਾਲਇਸਕਾਪ੍ਰਾ
ਰਬਧਪੇਗਾਹੈ।ਆਕਾਸਾਵਿਖੇਜੋਇਸਾਥਿਤਸੂਰਜਹੈ।ਤਿਸਾਵਿਖੇਪ੍ਰਵੇਸਕਰੌਂ।ਜੈਸੇਆਦਰਸਾਵਿਖੇਪ੍ਰਤਿ
ਬਿੰਬਪ੍ਰਵੇਸਕਰਤਾਹੈ।ਤੈਸੇਕਰੌਂ।ਇਸਕਉਸੂਰਜਕੇਸਾਰਥੀਕਰਕੈਨਿਕਾਸੌਂ।ਹੇਰਾਮਜੀਐਸੋਵਿਚਾਰਕ
ਰਿਕੈਮੁਨੀਸੁਰਆਕਾਸਮਾਰਗਚੜ੍ਹਿਆ।ਪੁਰਿਸਟਕਾਰੂਪਕਾਰਿਕੈ।ਸੂਰਜਭਗਵਾਨਕੇਅੰਤਰਿਪ੍ਰਣਾਮਕਰਿ
ਕੈਪ੍ਰਵੇਸਕੀਆ।ਵਾਉਰੂਪਕਾਰਿਕੈ।ਜੈਸੇਸਸਤ੍ਰਾਪਿੰਡਾਵਿਖੇਅਗਨਪ੍ਰਵੇਸਕਰਤੀਹੈ।ਤੈਸੇ।ਤਬਸੂਰਜ
ਜਾਣਤਭਇਆ।ਜੁਬੀਤਹਵ੍ਯਮੁਨੀਸੁਰਆਨਪ੍ਰਵੇਸਕੀਆਹੈ।ਸੋਕਿਸਨਮਿਤਆਇਆਹੈ।ਸਰਬਗ
ਥਾਈਸਕਾਰਿਜਾਣਤਭਇਆ।ਜੋਪ੍ਰਿਥਵੀਵਿਖੇਇਸਕਾਸਰੀਰਦਾਬਿਆਹੂਆਹੈ।ਚਿਕੜਅਰੁਤ੍ਰਿਣ
ਹੁਕਾਰਿਅਛਾਦਿਆਹੈ।ਤਿਸਕੇਨਿਕਾਸਣੇਨਮਿਤਆਇਆਹੈ।ਐਸੋਵਿਚਾਰਕਾਰਿਕੈਅਪਣੇਸਾਰਥੀਕੌ
ਕਹਤਭਇਆ।ਹੇਸਾਰਥੀ।ਬਿੰਧ੍ਯਾਚਲਪਰਬਤਕੰਦਰਾਵਿਖੇਬੀਤਹਵ੍ਯਮੁਨੀਸੁਰਕਾਸਰੀਰਦਾਬਿਆ
ਪੜ੍ਹਾਹੈ।ਤਿਸਕਉਤੂੰਜਾਇਕਾਰਿਨਿਕਾਸਦੇਹ।ਜਬਐਸੇਸਾਰਥੀਕਉਕਹਾ।ਤਬਅਰਣਵ੍ਯਨਾਮਸਾਰਥੀ
ਹਸਤੀਵਤਹੇਸਰੀਰ।ਜਿਸਕਾਸੋਬਿੰਧ੍ਯਾਚਲਵਿਖੇਆਇਕਾਰਿਨਖਹੁਸਾਥਸਰੀਰਕਉਨਿਕਾਸਤਭ
ਇਆ।ਕੈਸੇਨਖਜਿਨਹੁਸਾਥਪਹਾੜਉਖੇੜਡਾਰੇਹੈਂ।ਤਿਨਨਖਹੁਸਾਥਧਰਾਕੋਟਗਾਵਿਖੇਗਡੇਹੂਏਸ
ਰੀਰਕਉਕਾਢਤਭਇਆ।ਜੈਸੇਸਮੁੰਦ੍ਰਕੇਕਨਾਰੇਤੇਹਕਾਢਪਾਈਐ।ਤੈਸੇਪਰਬਤਕੀਕੰਦਰਾਵਿਖੇ
ਸਰੀਰਕਉਨਿਕਾਸਡਾਰਾ।ਤਬਮੁਨੀਸੁਰਪੁਰਿਸਟਕਾਕਾਰਿਕੈ।ਤਿਸਸਰੀਰਵਿਖੇਪ੍ਰਵੇਸਕਰਤਭਇਆ।

CC-0 Shri Krishna Museum. An eGangotri-Vedic Bharat Inititative

ਜੈਸੇਧੁੰਦਕੀਅਰਕਾਸਮਾਰਗਵਿਖੇਉਡਤਾਆਨਲਹੋਤਾਵਿਖੇਆਨਪ੍ਰਵੇਸਕਰਤਾਹੈਤਾਅਰੁਸਾਵਧਾਨਹੋਕਰਿਅਰਣਵ
ਕਉਨਮਸਕਾਰਕਰਤਭੁਇਆਅਰਣਵਬੀਤਹਵਕਉਨਮਸਕਾਰਕੀਆਪਰਸਪਰਨਮਸਕਾਰਕੇਕਰਿਕੈ
ਅਪਨੇਕਾਰਜਕੀਓਰਹੂਏਅਰਣਵਅਕਾਸਮਾਰਗਕਉਗਇਆਮੁਨੀਸੁਰਤਲਾਉਕੀਓਰਗਇਆਸੂ
ਰਜਕੀਕਿਰਣਾਵਤਪ੍ਰਕਾਸਰੂਪਕਮਲਹੁਕਾਰਿਪੂਰਣਤਲਾਉਥਾਤਿਸਤਲਾਉਵਿਖੇਚਿਰਕਾਲਸਾਥਿਬਾਰਿਆ
ਸਰੀਰਮੁਨੀਸੁਰਵਬਕੀਮਾਰਤਭਇਆਜੈਸੇਹਸਤੀਮਲਧੋਵਤਾਹੈਤੈਸੇਇਸਨਾਨਕਰਿਕੈਸੰਧਿਆਆਦਿਕ
ਕਰਮਜਾਪਕਰਤਭਇਆਸੂਰਜਭਗਵਾਨਕਉਪੂਜਤਭਇਆਜੈਸੇਪ੍ਰਥਮਤਪਕਰਕੈਸੋਭਤਾਥਾਤੈਸੇਬ
ਹੁਰਿਰੂਪਤਕੀਆਅਰੁਮੈਤ੍ਰੀਸਮਤਾਸਾਂਤਬੁਧਮੁਦਤਾਆਦਿਕਗੁਣਹੁਕਾਰਿਸੰਪੰਨਭਇਆਅਰੁਬ੍ਰਹਮਵਿ
ਧਮੀਕਰਿਸੋਭਤਾਭਇਆਪਰੁਸਭਕੇਸੰਗਤੇਰਹਤਭਇਆਜੋਇਨਹੁਕਉਭੀਸਰੂਪਵਿਖੇਸਪਰਸਕਰੈਹੈ
ਆਪਕਉਬੁਧਸਰੂਪਜਾਣੈਹੈ॥੧॥ ਇਤਿਸ੍ਰੀ[illegible]ਉਪਸਾਮਪ੍ਰਕਰਣੇਬੀਤਹਵਸਮਾਧਿਜੋਗਉਪਦੇਸਨਾਮਸਰਗ॥
ਸੰਪੂਰਣਸਮਾਪਤ॥ ਹੇਰਾਮਜੀਜਬਾਇਸਪ੍ਰਕਾਰਕੇਤੇਕਾਦਿਨਬਿਤੀਤਭਏਤਾਬਸਮਾਧਕੇਨਿਮਿਤਮੁਨੀਸੁਰਬ
ਮਨਉਦਿਹੁਆਤਾਬਉਠਕਰਿਬਿੰਧਾਚਲਪਰਬਤਕੀਕੰਦਰਾਵਿਖੇਜਾਇਇਸਥਿਤਭਇਆਪੂਰਬਜੋਮਨੁ
ਆਜਾਵਿਚਾਰਕੀਆਥਾਅਰੁਪਛਾਵਰਪਰਮਾਤਮਾਵਿਸੁਭਈਥੀਤਾਤਿਸਕਾਰਿਬਹੁਤਾਚਿਤਕਉਕਹਤਭਏ
ਆਹੇਚਿਤਅਰੁਇੰਦ੍ਰੀਅਹੁਮੈਤੁਮਾਪੁਰਬਧੀਪ੍ਰਹਾਰਕਰਛੋਡਿਆਹੈਅਬਤੁਮਰੇਚਿੰਤਨਅਰੁਅਚਿੰ
ਤਨਾਵਿਖੇਅਰਥਅਰੁਅਨਰਥਕਛੁਨਹੀਕਾਹੇਤੇਜੋਆਸਤਨਾਸਤਕਲਪਨਾਮੇਰੀਮਿਟਗਈਹੈਆ
ਸਤਨਾਸਤਕੇਪਾਛੇਜੋਸੇਖਰਹਤਾਹੈਤਿਸਾਵਿਖੇਮੈਂਇਸਥਿਤਹੋਆਜੈਸੇਧਾਕਾਸੰਗਅਸਥਲੋਰਹਤਾਹੈ

CC-0 Shri Krishna Museum. An eGangotri-Vedic Bharat Inititative

ਤੈਸੇਜੋਮੈਂ ਅਚਲਹੋਂ॥ਸਦਾਉਦੇਰੂਪ ਅਸਤਕੀਨਿਆਈ॥ਇਸਥਿਤਹੋਂ॥ਸੂਦੇਰੂਪਾਇਸਕਾਰਣਤੇਹੋਂਸਦਾਗਿਆਨਸ
ਰੂਪਪ੍ਰਕਾਸਵਾਨਹੋਂ॥ਅਸਤਕੀਨਿਆਂਈ॥ਇਸਕਾਰਣਤੇਜੋਨਿਹਾਕ੍ਰਿਐਸਰੂਪਹੋਂ॥ਅਰੂਧਉਆਸਤਰੂਪਉਦੇਕੀ
ਨਿਆਂਈ॥ਇਸਥਿਤਹੋਂ॥ਅਸਤਾਇਸਕਾਰਣਤੇਹੋਂਜੋਮਨਇੰਦ੍ਰੀਆਦਿਕਹੁਕਾਵਿਖੇਨਹੀ॥ਉਦੇਕੀਨਿਆਂਈਇਸ
ਕਾਰਣਤੇਹੋਂਜੋਸਭਕਾਸਾਖੀਭੂਤਹੋਂ॥ਸਦਾਸਮਰਥਪ੍ਰਕਾਸਰੂਪਅਪਣੇਆਪਾਵਿਖੇ॥ਇਸਥਿਤਹੋਂ॥ਬਹੁਰੁਕੈਸਾ
ਹੋਂਪ੍ਰਬੁਧਹੋਂ॥ਅਰੁਸਖੋਪਤਾਵਿਖੇ॥ਇਸਥਿਤਹੋਂ॥ਪ੍ਰਬੁਧਾਇਸਕਾਰਣਤੇਹੋਂ॥ਜੋਇੰਦ੍ਰੀਅਹੁਕਉਵਿਖਿਅਹੁਕੀਉਪ
ਲਬਧਕਰਤਾਹੋਂ॥ਸੁਖੋਪਤਾਇਸਕਾਰਣਤੇਹੋਂ॥ਜੋਹਰਖਸੋਕਾਇਸ੍ਰਆਨਿਸਟਤੇਂਰਹਤਹੋਂ॥ਜਗਤਕੀਓਰਤੇਸੁਖਪਤ
ਸਮਾਧਾਵਿਖੇਹੋਂ॥ਤਹਾਂਜਾਗਤਾਹੂਆਤੁਰੀਆਪਦਆਤਮਤਤਾਵਿਖੇ॥ਇਸਥਿਤਹੋਂ॥ਜੈਸੇਇਸਥਾਣਥੰਭਾਇਸਥਿਤ
ਹੋਤਾਹੈ॥ਤੈਸੇ॥ਇਸਥਿਤਰੂਪਹੋਂ॥ਨਿਤਸੁਧਸਮਾਨਸਤਾਆਤਮਪਦਹੈ॥ਤਹਾਂਮੈਂਨਿਰਾਮੈਹੋਕਰਿ॥ਇਸਥਿਤਹੋਂ॥ਹੇਰ
ਾਮਜੀ॥ਇਸਪ੍ਰਕਾਰ॥ਚਿਤਵਤਾਹੂਆਮੁਨੀਸ੍ਵਰਧਿਆਨਾਵਿਖੇਜੁੜਿਗਇਆ॥ਖਟਦਿਨਪ੍ਰਯੰਤਧਿਆਨਾਵਿਖੇਰਹਾ॥
ਤਿਸਤੇਉਪਰਾਂਤਜਾਗਿਆ॥ਤਬਇਕਖਿਣਕੇਸਮਾਨਜਾਣਤਭਇਆ॥ਜੈਸੇਸੋਇਆਹੂਆ॥ਇਕਖਿਣਾਵਿਖੇ
ਜਾਗਿਆ॥ਇਸੀਪ੍ਰਕਾਰਬੀਤਹਵਸੁਧਪਦਕਉਪ੍ਰਾਪਤਿਹੂਆ॥ਜੀਵਨਮੁਕਤਹੋਕਰਿਚਿਰਕਾਲਪ੍ਰਜੰਤਾਵਿਚ
ਰਤਾਭਇਆ॥ਨਕੋਊਵਸਤੁਉਸਕਉਹਰਖਦੇਵੇਨਸੋਕਦੇਵੈ॥ਚਲਤਾਹੂਆਭੀਇਸਥਿਰਹੈ॥ਇੰਦ੍ਰੀਅਹੁਕੇ
ਵਿਵਹਾਰਕਰਤਾ॥ਇਸ੍ਰਆਨਿਸਟਕੀਪ੍ਰਾਪਤਿਵਿਖੇਸਮਰਹੈ॥ਕਦਾਚਿਤਕਿਸੀਵਿਖੇਚਲਾਇਮਾਨਨਹੋਵੈ॥ਚ
ਲਤਾਖੇਲਤਾਮਨਅਰੁਇੰਦ੍ਰੀਅਹੁਕਉਕਹੈ॥ਰੀਇੰਦ੍ਰੀਅਹੁਸਮਰਹੋ॥ਰੇਮਨਅਬਤੂੰਸਮਵਾਨਹੂਆਹੈਂ॥ਆਤ
ਮਪਦਕਉਪਾਇਕਰਿਦੇਖਾਦਿਖਆ॥ਬਿਤੁਝਕਉਕਿਆਸੁਖਹੈ॥ਜਿਸਸੁਖਕੇਪਾਇਤੇਂਅਉਰਪਾਵਣੇਜੋਗ

CC-0 Shri Krishna Museum. An eGangotri-Vedic Bharat Inititative

ਕਛੁਨਹੀਰਹਤਾਨਿਰਾਗਸੁਖਹੈ॥ਐਸਾਜੋਪਰਮਸਾਂਤਰੂਪਅਚਲਸੁਖਹੈ॥ਤਿਸਕਉਐਸੈਕਰੁ॥ਚਰਲਤਾਕ
ਉਤਿਆਗਕਰੁ॥ਗਰੀਇੰਦ੍ਰੀਅਰੁਤੁਮਾਰਾਤੌਕਛੁਅਪਣਾਵਾਸਤ੍ਵਸਰੂਪਨਹੀ॥ਅਰੁਆਤਮਪਦਵਿਖੇਤੁਮਾਰਾਸ੍ਵ
ਨਹੀ॥ਆਵ੍ਰਤੀਆ॥ਅਪਣੇਸਰੂਪਕਉਜਾਣੇਬਿਨਾਤੁਮਾਇਉਹੀਮੂਰਖਦੀਆਥਾ॥ਅਬਿਮੈਂਅਪਣੇਸਰੂਪਵਿਖੇ
ਏਸਥਿਤਭਾਇਆਹਾ॥ਆਬਿਮੁਝਕਉਵਸਕਰਣੇਕੀਤੁਮਕਉਸਮਰਥਤਾਨਹੀ॥ਕਾਹੇਤੇਜੋਤੁਮਾ॥ਅਵਸਤੁਰੂ
ਪਹੋ॥ਆਤਮਤਤਕੇਪ੍ਰਮਾਦਕਰਿਕੈਤੁਮਾਰਾਭ੍ਰਮਹੋਤਾਹੈ॥ਜੈਸੇਜੇਵੜੀਵਿਖੇਸਰਪਭਾਸਤਾਹੈ॥ਤੈਸੇਆਤ
ਮਾਵਿਖੇਅਨਾਤਮਾਕਾਭਾਵਨਾਹੋਤੀਹੈ॥ਸੋਅਵਿਚਾਰਕਰਿਕੈਹੋਤੀਹੈ॥ਅਬਿਵਿਚਾਰਕਰਕੈਇਹਭ੍ਰਮਨਿਵਰਤ
ਹੋਗਇਆਹੈ॥ਤੁਮਾਇੰਦ੍ਰੀਅਰੁਕੇਗਣਅਉਰਹੋ॥ਅਹੰਕਾਰਅਉਰਹੈ॥ਬ੍ਰਹਮਅਉਰਹੈ॥ਕਰਤਤਾਅਉਰਹੈ
ਭੋਗਤਤਾਅਉਰਹੈ॥ਅਉਰਦੁਕਾਦੁਖਆਪਵਿਖੇਮਾਨਲੈਣਾਇਹੀਮੂਰਖਤਾਹੈ॥ਜੈਸੇਬਨਕੀਲਕੜੀਆਂਅ
ਉਰਹੈ॥ਬਾਂਸਅਉਰਹੈ॥ਚਮਰਅਉਰਹੈ॥ਜਿਸਕਰਿਬੁਣੀਹੈਰਥਾ॥ਲੋਹਾਅਉਰਹੈ॥ਪਿਤਲਅਉਰਹੈ॥ਰਸੇਅਉ
ਰਹੈ॥ਜਿਸਕਰਿਰਥਜਕੜੀਤਾਹੈ॥ਬੈਲਅਉਰਹੈਜੋਰਥਕਉਚਲਾਵਤੇਹੈਂ॥ਤਿਨਸਭਨਕਰਿਕੈਇਕਸਮਾ
ਤਤੋਰਥਬਣਤਾਹੈ॥ਜੈਸੇਇਕਗ੍ਰਹਿਕਾਆਕਾਰਹੋਤਾਹੈ॥ਤੈਸੇਰਥਭਾਇਆ॥ਤਿਸਵਿਖੇਬੈਠਣੇਵਾਲਾਪੁਰਖੁ
ਅਉਰਹੋਤਾਹੈ॥ਅਰੁਰਥਕੀਸਾਮਗ੍ਰੀਪਰਸਪਰਵਿਲਖਣਹੋਤੀਹੈ॥ਤਿਸਵਿਖੇਬੈਠਣੇਵਾਲਾਰਥੀਕਹੈਜੋਮੈਂ
ਰਥਹੋ॥ਅਰੁਰਥਕਾਸੁਖਦੁਖਆਪਕਉਮਨੈਤਉਬਡੀਮੂਰਖਤਾਹੈ॥ਤੈਸੇਸਰੀਰਰੂਪੀਰਥਹੈ॥ਆਗਿਆਨਕਰਿ
ਕੈਮਿਲਿਆਭਾਸਤਾਹੈ॥ਇੰਦ੍ਰੀਆਂਅਉਰਹੈ॥ਤਤਅਉਰਹੈ॥ਮਨਆਦਿਕਅਉਰਹੈ॥ਤਿਸਵਿਖੇਪੁਰਖਹੈਜੋਜੀ
ਵਹੈ॥ਜੀਵਕਹੈਮੈਂਸਰੀਰਹੋ॥ਤਉਬਡੀਮੂਰਖਤਾਹੈ॥ਤਿਸਸਰੀਰਕੇਸੁਖਦੁਖਮੂਰਖਤਾਕਰਿਕੈਆਪਕਉਮਾਨਤਾ

CC-0 Shri Krishna Museum. An eGangotri-Vedic Bharat Inititative

ਹੈ॥ਜੋਇਵਿਚਾਰਕਾਰਿਦੇਖੇਤਬਸਾਗਦ੍ਰਿਸਕੇਖੋਭਤੇਮੁਕਤਿਹੋਵੈ॥ਸੋਆਵਿਚਾਰਭੂਅਸਿਰੂਪਕੀਵਿਸੀਮਣ
ਹੈਧੂਰਤੋਤਿਆਗੀਹੈ॥ਅਰੁਸਰੂਪਕੀਸਿਮ੍ਰਤਸਪ੍ਰਾਪਤਕਰੀਹੈ॥ਜੋਅਣਮਤਤਸਤਸਰੂਪਹੈ॥ਤਿਸਕਉ
ਸਤਜਾਣਿਆਹੈ॥ਜੋਅਸਤਥਾਤਿਸਕਉਅਸਤਜਾਣਿਆਹੈ॥ਜੋਸਤਹੈਸੋਣਿਸਚਉਤਹੈ॥ਜੋਅਸਤਹੈਸੋ
ਖੀਣਹੋਗਇਆਹੈ॥ਹੇਰਾਮਜੀਇਸਪ੍ਰਕਾਰਬੀਤਧਵਾਵਿਚਾਰਕਾਰਿਕੈਜੀਵਨਮੁਕਤਿਹੂਆ॥ਆਪਣੇ
ਸਰੂਪਵਿਖੇਇਸਥਿਤਬਹੁਤਵਰਖਪਹੁਕਉਵਿਤੀਤਕਰਤਭਇਆ॥ਆਪਣਾਜੋਨਿਰਭੈਪਦਹੈ॥ਜਿਸ
ਵਿਖੇਚਿਤਆਦਿਕਭ੍ਰਮਸਭਨਸਟਹੋਜਾਤੇਹੈਂ॥ਮੂੜਤਾਦੂਰਹੋਜਾਤੀਹੈ॥ਐਸੇਸੁਧਪਦਕਉਪ੍ਰਾਪਤਿਹੂਆ
ਜਥਾਭੂਤਅਰਥਆਤਮਾਧਿਆਨਵਿਖੇਇਸਥਿਤਭਇਆ॥ਗ੍ਰਹਿਣਕਰਣੈਜੋਗਅਰੁਤਿਆਗਣੇਜੋਗ
ਭੀਭੇਦਨਾਕਛੁਨਹੀਰਹੀ॥ਪਰਮਪੂਰਣਆਤਮਪਦਕਉਪ੍ਰਾਪਤਿਭਇਆ॥ਅਗਸਤਮੁਨਕਾਪੁਤ੍ਰਬੀ
ਤਪਵਾਤਿਸਪਦਕਉਪਾਇਕਾਰਿਨਿਰਵਾਸਹੋਤਭਇਆ॥ਬਹੁਰਾਜੀਸਕਾਲਾਵਿਖੇਜਿਸਪ੍ਰਕਾਰਵਿਦੇਹ
ਮੁਕਤਿਹੂਆਹੈ॥ਜੈਸੇਸੁਣਾਬੀਸਸਹੰਸ੍ਰਅਰੁਸਾਤਸਉਵਰਖਪ੍ਰਜੰਤਜੀਵਨਮੁਕਤਿਹੋਇਕਰਰਹਾ॥ਬਹੁ
ਰਵਿਦੇਹਮੁਕਤਿਹੂਆ॥ਜੋਇਛਾਤੇਅਨਿਛਾਤੇਰਹਤਪਦਹੈ॥ਜਨਮਰੁਅਰੁਕਰਮਰੁਕਾ॥ਜੈਸਾਵਿਖੇਅਤਿ
ਹੈ॥ਰਾਗਦ੍ਵੈਖਤੇਰਹਤਪਦਕਉਪ੍ਰਾਪਤਿਭਇਆ॥ਹੇਰਾਮਜੀਹਿਮਾਲੇਪਰਬਤਕੀਏਕਕੰਦਰਾਥੀ॥ਤਿ
ਸਾਵਿਖੇਪ੍ਰਵੇਸਕਾਰਿਕੈਪਦਮਆਸਨਧਾਰਕਾਰਿ॥ਆਪਕਉਧਾਰਣੇਹਕੈਆਪਹੀਕਹਤਭਇਆ॥ਹੇਰਾਗ
ਭੂਮੀਰਾਬਾਤਾਕਉਜਾਇਪ੍ਰਾਪਤਿਹੋ॥ਹੇਦ੍ਵੈਤਭੂਲੀਰਦ੍ਵੈਖਤਾਕਉਜਾਇਪ੍ਰਾਪਤਿਹੋ॥ਤੁਮਾਰੇਸਾਥਿਹਮਾਰੇ
ਕੌਪ੍ਰਜੰਤਕ੍ਰੀੜਾਕਰੀਹੈ॥ਅਰੁਆਵਿਵੇਕਕਾਰਿਕੈਕਰੀਹੈ॥ਤੁਮਅਬਜੋਵਹੁ॥ਮੇਰੀਸੁਖਾਸਕਾਰਹੈ॥ਤੁਮਕਉ

CC-0 Shri Krishna Museum. An eGangotri-Vedic Bharat Inititative

ਯੇਹੋਲਾਹੂਤੁਮਾਰੀਲੀਲਾਸਾਕਰਿਕੈਮੈਂਅਨੰਤਜਨਮਪਾਵਤਾਰਹਾਂਹੋਂ।ਤੁਮਾਰੀਲੀਲਾਸਾਕਰਿਮੁਝਕਉ
ਪਰਮਪਦਾਵਿਸਮਰਣਹੋਗਇਆਥਾ।ਜੈਸੇਮਾਤਾਸੁਖਕੇਨਮਿਤਪੁਤ੍ਰਕੀਲੀਲਾਸਾਕਰਤੀਹੈ।ਤੈਸੇਮੈਂਸੁ
ਖਜਾਣਜਾਦਕਾਰਿਤੁਮਾਰੀਲੀਲਾਸਾਕਰਤਾਥਾ।ਭਲਾਆਬਿਜਾਂਵਿਤੁਮਕਉਮੇਰਾਨਮਸਕਾਰਹੈ।ਅ
ਬਿਮੈਂਨਿਰਬਾਣਪਦਕਉਪ੍ਰਾਪਤਿਹੋਤਾਹੋਂ।ਹੇਦੂਖਤੁਝਕਉਭੀਨਮਸਕਾਰਹੈ।ਤੇਰੇਉਪਦੇਸਕਾਰਿਮੈਂ
ਆਤਮਪਦਕਉਪ੍ਰਾਪਤਿਹੂਆਹਾਂ।ਕਾਹੇਤੇਂਜੋਮੈਂਸਦਾਸੁਖਹੂਭੋਗਣਕਉਚਾਹਤਾਥਾ।ਜਬਸੁਖਪ੍ਰਾਪਤਿ
ਹੋਵੈਤਬਤੁਝਕਉਭੀਸਾਥਿਲੇਆਵਤਾਥਾ।ਸੁਖਤੇਂਤੇਰੀਉਤਪਾਤਿਹੋਤੀਹੈ।ਸੁਖਕੀਲੀਲਾਸਾਵਿਖੇ
ਤੌਮੈਂਅਨੇਕਜਨਮਪਾਵਤਾਰਹਾ।ਪਰੁਸੁਖਆਂਵੈਤਬਤੁਝਕਉਸਾਥਿਲੇਆਵੈ।ਤੁਝਕਉਦੇਖਕਰਿਆ
ਤਮਪਦਕੀਇਛਾਮੁਝਕਉਉਪਜੀ।ਤੇਰੇਪ੍ਰਸਾਦਿਕਾਰਿਕੈਮੈਂਸੀਤਲਪਦਵੀਕਉਪ੍ਰਾਪਤਿਹੂਆ।ਹੇਦੂਖ
ਤੂੰਤੋਦੂਖਥਾ।ਪਰੁਮੁਝਕਉਸੁਖਪ੍ਰਾਪਤਿਕੀਆ।ਤਾਂਤੇਤੇਰਾਕਾਲਿਆਣਹੋਵੈ।ਤੂੰਆਬਿਜਾਹਿ।ਹੇਮਿਤ੍ਰਸੰਸਾ
ਰਾਵਿਖੇਜੀਵਣਤੌਅਸਾਰਹੈ।ਜਿਸਕਾਸੰਜੋਗਹੋਤਾਹੈ।ਤਿਸਕਾਵਿਓਗਭੀਹੋਤਾਹੈ।ਅਰੁਤੁਝਮੇਰੇਸ
ਬਿਖਤਾਉਪਕਾਰਕੀਆਹੈ।ਜੋਅਪਣਾਨਾਸਕੀਆਹੈ।ਅਰੁਮੁਝਕਉਸੁਖਪ੍ਰਾਪਤਿਕੀਆਹੈ।ਜੋਤੂੰਮੁ
ਝਕਉਨਪ੍ਰਾਪਤਿਹੋਤਾ।ਤਬਮੈਂਆਤਮਪਦਕੇਨਮਿਤਕਾਬਿਜਤਨਕਰਣਾਥਾ।ਤੁਝਅਪਣਾਨਾਸਕਰਣ
ਮਾਨਿਆ।ਪਰੁਮੁਝਕਉਸੁਖਪ੍ਰਾਪਤਿਕੀਆਹੈ।ਹੇਮਿਤ੍ਰਤੂੰਬਾਂਧਵਹੁਕੀਨਿਆਂਈ।ਚਿਰਕਾਲਪ੍ਰਜੰ
ਤਮੇਰੇਸਾਥਿਰਹਾ।ਕਦਾਂਚਿਤਦੂਰਨਹੀਹੂਆ।ਮੈਂਤੇਰਾਨਾਸਕੀਆਨਹੀ।ਤੁਝਅਪਣਾਨਾਸਆ
ਪਹੀਕੀਆਹੈ।ਤੂੰਮੁਝਕਉਪ੍ਰਾਪਤਿਹੂਆ।ਤਬਮੁਝਕਉਵਿਵੇਕਉਤਪਤਿਭਇਆਥਾ।ਤੈਸਾਵਿ

CC-0 Shri Krishna Museum. An eGangotri-Vedic Bharat Inititative

ਦੇਕੇਹਿਰਨਾਸਕੀਆਹੈ।ਤਾਂਤੇਤੂੰਜੋਨ੍ਰਸਿੰਘਮੇਰਾਨਮਸਕਾਰਹੈ।ਅਰੁਮਾਤਾਤ੍ਰਿਸਨਾਤੁਝਕਉਭੀਨਮਸਕਾ
ਰਹੈ।ਤੂੰਸਦਾਮੇਰੇਸਾਥਿਰਹੀਹੈ।ਹੇ ਰਾਗੀਹੈ।ਮਕਦਾਂਚੀਤਾਤੇਆਗਨਹੀਕੀਆ।ਜੋਸਿਆਣਿਆਂਕੇਬਖਾਨਕਰ
ਤੇਆਗਮਾਤਨਹੀਕਰਤੀਹੈ।ਤੈਸੇਤੁਝਮੋਰਾਤ੍ਰਿਆਗਨਹੀਕੀਆ।ਅਬਤੂੰਜਾਹਿ।ਹੇਕਾਮਦੇਵਤੁਮਅ
ਪਨੀਇੰਦ੍ਰੀਪਰਜੋਤੂੰਪਧੋਹਿਓਇਕਰਿਅਪਣਾਨਾਸਕੀਆਹੈ।ਜੰਬੂਬਾਹਜਮੁਖਬੇਤਬਜੀਵਤੇਤੇਜਸਤੁਮਾਰਾ
ਅੰਤਰਿਮੁਖਹੂਆਤਬਤੁਮਾਮਿਟਗਇਆ।ਤੁਮਕਉਨਮਸਕਾਰਹੈ।ਤੁਮਭੀਬਡਾਉਪਕਾਰਕੀਆਥਾ
ਜੋਨਰਕਉਮੈਨਿਕਾਸਕਾਰਿਸ੍ਵਰਗਹੁਮੈਪ੍ਰਾਪਤਿਕੀਆਥਾ।ਅਰੁਅੰਤਜਬਕ੍ਰਾਵਿਰਾਗਿਹੋਆਹੈ।ਤਤੇਤੁ
ਮਭੀਜਾਵਹੁਨਮਸਕਾਰਹੈ।ਹੇਦੁਹਕ੍ਰਿਤਹੁਤੁਮਭੀਜਾਵਹੁ।ਵਿਕਰਮਤੁਮਾਰਾਰੂਪਹੈਸੋਖੇੜਹੈ।ਅਰੁ
ਤੁਬਾਅਵਸ੍ਥਾਬੀਜਹੈ।ਤਿਸਤੇਨਰਕਦੁਖਫਲਹੋਤੇਹੈ।ਸੋਤੁਮਾਰੇਸਾਥਿਭੀਜੋਗਹੂਆਥਾ
ਇਸਕਾਰਣਤੇਤੁਮਕਉਭੀਨਮਸਕਾਰਹੈ।ਤੁਮਜਾਵੋ।ਹੇਮੋਹਤੁਝਕਉਭੀਨਮਸਕਾਰਹੈ।ਤੁਝਕਰਿਮੈਚਿ
ਰਕਾਲਬਾਂਧਾਹੂਆਥਾ।ਅਰੁਨਾਨਾਪ੍ਰਕਾਰਕੇਇਸਥਾਨਹੁਕਉਪ੍ਰਾਪਤਿਹੋਤਾਥਾ।ਅਰੁਤੁਮਤੇਹੀਦਿਖ
ਦੁਖਦੇਖਾ।ਤਿਸਕਾਰਿਮੈਂਵਿਵੇਕਕਉਪ੍ਰਾਪਤਿਹੂਆ।ਤਾਂਤੇਤੁਮਕਉਭੀਨਮਸਕਾਰਹੈ।ਅਬਜਾਵੋ।ਅਰੁਹੇ
ਨਿਰਵੇਦਤਾਤੁਝਕਉਭੀਨਮਸਕਾਰਹੈ।ਤੇਰੇਵਿਖੇਮੈਂਚਿਰਕਾਲਤਪਕੀਆਹੈ।ਹੇਬੁਧਿਓਵਿਵੇਕਤੁ
ਮਕਉਭੀਨਮਸਕਾਰਹੈ।ਤੁਮਮੇਰੇਸਾਥਿਬਡਾਉਪਕਾਰਕੀਆਹੈ।ਜੋਸੰਸਾਰਬੰਧਨਤੇਮੁਕਤਿਕੀਆ
ਹੈ।ਤਾਂਤੇਤੁਮਕਉਨਮਸਕਾਰਹੈ।ਤੁਮਭੀਜਾਵੋ।ਹੇਛੰਦਾਤੂੰਬਾਤੁਮਕਉਭੀਨਮਸਕਾਰਹੈ।ਤੁਮਭੀਜਾਵ
।ਬਹੁਤਕਾਲਤੁਮਮੇਰੇਸੰਗਿਰਹੀਹੋ।ਅਬਤੁਮਭੀਜਾਵਹੁ।ਹੇਦੇਹਰਕਤਾਮਾਸਕਾਪਿੰਜਰਹੇਕਾਰਿਤੂੰਮੈਕੇ

CC-0 Shri Krishna Museum. An eGangotri-Vedic Bharat Inititative

ਸਾਥਖਪ੍ਰਭੁਕਾਲਾਰਹੀਹੈਂ।ਅਰੁਤੁਮ੍ਹਉਪਕਾਰਕੀਆਹੈ।ਜੋਵਿਵੇਕਉਪਜਣੇਕਾਈਸਥਾਨਤੂਹੀਹੈਂ।
ਤੇਰੇਸੰਜੋਗਕਾਰਿਕੈਮੈਂਪਰਮਪਦਕਉਪਾਇਆਹੈ।ਤੂੰਭੀਜਾਹ।ਅਬਤੁਮ੍ਹਕਉਮੇਰਾਨਮਸਕਾਰਹੈ।ਹੇਅ
ਭੂਹੇਸੰਸਾਰਕੇਵਿਵਹਾਰੋ।ਤੁਮਕਉਨਮਸਕਾਰਹੈ।ਤੇਰੇਵਿਖੇਮੈਂਬਹੁਤਕਾਲਕ੍ਰੀੜਾਕਰੀਹੈ।ਹੇਇਸਥਾ
ਨਦੇਸਕ੍ਰਿਆਂਕਰਮਕੀਏਹੈਂ।ਐਸਾਪਦਾਰਥੁਜਗਤਵਿਖੇਕੋਊਨਹੀਜੋਦੀਆਨਹੋਵੈਗਾ।ਅਰੁਕੀਆ
ਨਹੋਇਗਾ।ਜੋਕਰਮਕੋਊਨਹੀ।ਅਰੁਐਸਾਪਦਾਰਥਕੋਊਨਹੀਜੋਲੀਆਨਹੋਵੈਗਾ।ਅਰੁਐਸਾਦੇ
ਸਨਹੀਜੋਦੇਖਿਆਨਹੋਇਗਾ।ਅਬਸਭਕਉਨਮਸਕਾਰਹੈ।ਇੰਦ੍ਰੀਆਪ੍ਰਾਣਮਨਆਦਿਕਹੁਤੁਮ
ਕਉਨਮਸਕਾਰਹੈ।ਤੁਮਾਰਾਹਮਾਰਾਚਿਰਕਾਲਕਾਸੰਜੋਗਥਾ।ਅਰੁਅਬਿਵਿਓਗਹੂਆ।ਕਾਹੇਤੇਜਿ
ਸਕਾਸੰਜੋਗਹੋਤਾਹੈ।ਤਿਸਕਾਵਿਓਗਭੀਹੋਤਾਹੈ।ਤੁਮਾਰਾਹਮਾਰਾਭੀਵਿਓਗਹੋਤਾਹੈ।ਚਖਹੁਕੀਜੋਤਿਭੀ
ਸੂਰਜਮੰਡਲਾਵਿਖੇਜਾਇਲੀਨਹੋਵੈਗੀ।ਅਰੁਘ੍ਰਾਣਕੀਗੰਧਪ੍ਰਿਥਵੀਵਿਖੇਜਾਇਲੀਨਹੋਵੈਗੀ।ਪ੍ਰਾਣ
ਵਾਉਵਿਖੇਲੀਨਹੋਵੈਗਾ।ਸ੍ਰਵਣਆਕਾਸਵਿਖੇਜਾਇਲੀਨਹੋਵੈਗੇ।ਮਨਚੰਦ੍ਰਮਾਵਿਖੇਲੀਨਹੋਵੈਗਾ।ਜੀ
ਪਧਾਰਸਜਲਾਵਿਖੇਜਾਇਲੀਨਹੋਵੈਗੀ।ਇਸੀਪ੍ਰਕਾਰਅਪਣੀਅਪਣੀਅੰਸਸਭਵਿਖੇਜਾਇਲੀਨਹੋਵੈ
ਗੀ।ਸੁਖਦੁਖਸੰਸਾਰਕੇਅਪਣੇਕਾਰਣਵਿਖੇਜਾਇਲੀਨਹੋਵੈਗੇ।ਜੈਸੇਲਕੜੀਆਂਕੇਜਲਣੇਤੇਂਅਗਨਸਾਂਤਹੋ
ਜਾਤੀਹੈ।ਜੈਸੇਤੇਲਕੇਰਹਤਦੀਪਕਨਿਰਬਾਣਹੋਜਾਤਾਹੈ।ਜੈਸੇਮੰਦ੍ਰਾਚਲਤੇਰਹਤਖੀਰਸਮੁੰਦ੍ਰਸਾਂਤਹੂਆ।
ਜੈਸੇਸੂਰਜਕੇਅਸਤਹੂਏਪ੍ਰਕਾਸਸਾਂਤਹੋਜਾਤਾਹੈ।ਜੈਸੇਸਰਤਕਾਲਾਵਿਖੇਮੇਘਸਾਂਤਹੋਜਾਤੇਹੈਂ।ਤੈਸੇਮਨਆਦਿਕਸੰ
ਤਹੋਜਾਵੈਂਗੇ।ਹੇਰਾਮਜੀ।ਐਸੇਵਿਚਾਰਕਰਤੇਕਰਤੇਮਨਸਰਬਕਾਰਜਹੂਤੇਰਹਤਪ੍ਰਣਵਕੇਧਿਆਨਵਿਖੇਜ

CC-0 Shri Krishna Museum. An eGangotri-Vedic Bharat Inititative

ਤ੍ਰਿਗਾਬਿਆ ਅਸਰਥਾ ਤ੍ਰਿਸਤ੍ਰੇਂ ਸਾਂਤ ਹੋ ਗਾਇਆ ਸੋ ਹਰੂਪ ਮੈਂ ਲੋਕੋਂ ਤਿਆਗ ਕਾਰਿ ਚਿਤ ਪੂਰਬ ਵਕੋ ਵਿਚਾਰ ਸੋ ਮੈਂ
ਗਾਲ੍ਹ ਤਨਾ [illegible] ਹੋਗਾ ਅਜੀਇਸ ਪੂਰ
ਗੁਸਬਦਬ੍ਰਹਮ ਪੂਰਬਵਕ ਉਉਚਾਰ ਕਰਤਾ ਮਨ ਪੰਚਭੂਤ ਮਕਾ ਜੋ ਚਿਤ ਕੀ ਅਵਸਥਾ ਹੋਤ ਸਕਉ ਪ੍ਰਾਪਤਿ ਭੂਇਆ
ਜੋ ਬਾਪਜ ਅੰਤ ਭਿਕੋ ਇਸ ਥੂਲ ਸੂਖਮ ਪਦਾਰਥ ਹੈਂ ਅਰੁ ਤ੍ਰਿਲੋਕੀ ਕੋ ਸਿਕਲਪ ਸਰਬ ਕਉ ਤਿਆਗ ਕਾ ਸ੍ਰਿਸ
ਥੋਰੂਪ ਮੈਂ ਸਾਥਿਤ ਭਾਇਆ ਜੈਸੇ ਚਿੰਤਾਮਣ ਆਪਣੇ ਪ੍ਰਕਾਸ ਵਿਖੇ ਇਸਥਿਤ ਹੋਤੀ ਹੈ ਜੈਸੇ ਸੰਪੂਰਣ ਕਲਾਕ
ਉਰੰਕਾਰਿ ਚੰਦ੍ਰਮਾ ਅਪਣੇ ਆਪ ਕਰਿ ਇਸਥਿਤ ਹੋਤਾ ਹੈ ਜੈਸੇ ਮੰਦ੍ਰਾਚਲ ਕੇ ਨਿਕਸੇ ਖੀਰ ਸਮੁੰਦ੍ਰ ਇਸਥਿਤ
ਹੁਇਆ ਜੈਸੇ ਸਬਦੇ ਤੇਂ ਰਹਤ ਮੰਦ੍ਰਾਚਲ ਇਸਥਿਤ ਭਇਆ ਜੈਸੇ ਕੁੰਭਾਰ ਕਾ ਚਕ੍ਰ ਫਿਰਤਾ ਠਹਰ ਜਾਤਾ ਹੈ ਜੈਸੇ
ਸੂਰਜ ਕੇ ਅਸਤ ਹੂਏ ਇੰਦ੍ਰਧਰਾ ਕ੍ਰਿਆ ਜੀਵਨ ਕੀ ਠਹਰ ਜਾਤੀ ਹੈ ਅਰੁ ਮੇਘ ਤੇਂ ਰਹਤ ਆਕਾਸ ਸਰਤਕਾਲ ਕਾ
ਨਿਰਮਲ ਹੋਤਾ ਹੈ ਜੈਸੇ ਪ੍ਰਕਾਸ ਅਰੁ ਤਮ ਤੇਂ ਰਹਤ ਅਕਾਸ ਹੋਤਾ ਹੈ ਤੈਸੇ ਫੁਰਣੇ ਤੇਂ ਰਹਤ ਮਨ ਸਾਂਤ ਕਉ ਪ੍ਰਾਪ
ਤਿ ਭਇਆ ਪੂਰਬ ਵਕੋ ਧਿਆਨ ਕਰਿ ਕੈ ਬੁਧਿ ਤਿਸ ਥਿਤ ਕੀ ਅੰਤ ਕਉ ਪ੍ਰਾਪਤਿ ਭਇਆ ਅੰਤ ਕਉ ਜੀਤਿਆ
ਗਤਾ ਭਇਆ ਤਮ ਕਉ ਭੀ ਤਿਆਗਤਾ ਭਇਆ ਜੈਸੇ ਮਹਾਂ ਪੁਰਖੁ ਕ੍ਰੋਧ ਕਉ ਤਿਆਗਤੇ ਹੈਂ ਤੈਸੇ ਤਮ ਥਿਤ ਕ
ਉਸ ਅਥਬ ਭਇਆ ਬਹੁਤ ਤੇਜ ਪ੍ਰਕਾਸ ਉਦੇ ਹੂਆ ਤਿਸ ਕਉ ਭੀ ਨਿਮਖ ਵਿਖੇ ਤਿਆਗਤਾ ਭਇਆ ਅ
ਗਿਆਨ ਤਿਸ ਕੇ ਪਰਤਮ ਹੈ ਤਿਸ ਵਿਖੇ ਅਭਾਵ ਬ੍ਰਿਤ ਰਹਤੀ ਹੈ ਤਿਸ ਕਉ ਭੀ ਨਿਮਖ ਵਿਖੇ ਤਿਆਗ ਕੀਆ ਬ੍ਰਹਮ
ਜੈਸੇ ਨਉਤ ਨਖਤ੍ਰ ਕਲਨ ਸੇ ਕੀ ਪਦਾਰਥਾ ਗਿਆਨ ਤੇਂ ਰਹਤ ਅਵਸਥਾ ਹੋਤੀ ਹੈ ਤੈਸੀ ਅਵਸਥਾ ਪ੍ਰਾਪਤਿ ਭਈ
ਤਬ ਪਸੰਤੀ ਪਦ ਕੋ ਸਤਮਾਤ੍ਰ ਆਤਮ ਤਤ ਸੋ ਪਦ ਪਦ ਹੈ ਤਿਸ ਕਉ ਆਸ੍ਰੈ ਕੀਆ ਮਹਾਂ ਅਚਲ ਸੁਮੇਰ

CC-0 Shri Krishna Museum. An eGangotri-Vedic Bharat Inititative

ਕੀਨਿਆਂਈਜੋਇਸਾਥਿਰਅਵਸਥਾਹੈਤਿਸਕਉਪ੍ਰਾਪਤਿਹੂਆ।ਬਹੁੜਕੇਵਲਾਅਚੇਤਚਿਨਮਾੜ
ਝੂਰੀਆਅਦਾਨਿਰਾਨੰਦਪਦਹੈ।ਜਿਸਾਵਿਖੇਸਰੂਪਤੋਇਤਰਅਉਰਆਨੰਦਨਹੀ।ਐਸੇਆਨੰਦਕਉਪ੍ਰਾਪ
ਤਿਹੂਆ।ਜੋਅਸਤਸਤਰੂਪਹੈ ਸਰਬਾੜ੍ਹਿਆਤੇਂਅਤੀਤਹੈ।ਇਸਕਾਰਣਤੇਅਸਤਹੈਅਨਭਵਰੂ
ਪਹੈ।ਇਸਕਾਰਣਤੇਂਸਤਰੂਪਹੈ।ਐਸੇਅਸਬਦਪਦਕਉਪ੍ਰਾਪਤਿਹੂਆ।ਜੋਪਰਮਸੁਧਪਰਮਪਾਵ
ਨਪਦਹੈ।ਅਰੁਸਰਬਭਾਵਕੇਅੰਤਰਪ੍ਰਾਪਤਿਹੈ।ਅਰੁਸਰਬਭਾਵਸਬਾਦਿਤੇਂਰਹਤਹੈ।ਜਿਸਕਉਸੁੰਨ
ਬਾਦੀਸੁੰਨਕਹਤੇਹੈਂ।ਬ੍ਰਹਮਬਾਦੀਜਿਸਕਉਬ੍ਰਹਮਕਹਤੇਹੈਂ।ਜੋਗਵਾਲੇ।ਜਿਸਕਉਈਸਰਕਹਤੇਹੈਂ।
ਸੈਵੀਜਿਸਕਉਸਿਵਕਹਤੇਹੈਂ।ਵੈਸਨਵਾਜਿਸਕਉਵਿਸਨਕਹਤੇਹੈਂ।ਸਾਕਤੀਜਿਸਕਉਪਰਮਸਕਤਿ
ਕਹਤੇਹੈਂ।ਕਾਲਬਾਦੀਜਿਸਕਉਕਾਲਕਹਤੇਹੈਂ।ਆਤਮਵਾਦੀਜਿਸਕਉਆਤਮਾਕਹਤੇਹੈਂ।ਜੋਸਰਬ
ਕਲਨਾਭਾਵਅਭਾਵਤੇਂਰਹਤਹੈ।ਸਿਰਾਵਿਸੇਖਆਤਮਾਹੈ।ਅਰੁਸਾਧਮਕਾ।ਜਿਸਕਉਅਧਮਕਹਤੇਹੈ।ਇ
ਤਿਆਦਿਕਜੋਸਾਸਤ੍ਰਮਤੇਵਾਲੇਕਹਤੇਹੈਂ।ਸੋਇਕਬ੍ਰਹਮਕਉਕਹਤੇਹੈਂ।ਕਾਹੇਤੇਜੋਸਰਬਦਾਕਾਲਸਰਬਪ੍ਰ
ਕਾਰਸਰਬਾਵਿਖੇਸਰਬਰੂਪਉਹੀਹੈ।ਐਸੇਸਰਬਆਤਮਾਕਉਬੀਤਹਵਮੁਨੀਸ੍ਵਰਪ੍ਰਾਪਤਿਭਇਆ।ਜਿ
ਸਆਨੰਦਸਮੁੰਦ੍ਰਕੇਲਵਕਾਰਿਸਭਕਉਆਨੰਦਹੋਤਾਹੈ।ਅਰੁਪ੍ਰਕਾਸਣੇਹਾਰਾਦੀਪਕਹੈ।ਐਸੇਆਤਮ
ਤਤਅਨਭਵਰੂਪਆਪਣੇਆਪਕਉਪ੍ਰਾਪਤਿਹੂਆ।ਬੀਤਹਵਾ।ਉਹੀਰੂਪਹੋਤਭਇਆ।ਜੋਅਨੰਦਹੈ [illegible]
।ਆਨੰਦਹੈ।ਜੋਨਹੈ।ਨਿਰੰਜਨਹੈ।ਸਰਬਹੈ।ਅਸਰਬਹੈ।ਅਜਰਹੈ।ਅਮਰਹੈ।ਸਭਕੀਆ [illegible]
ਵਿਹੈ।ਸਕਲਹੈ।ਅਰੁਨਿਹਕਲਹੈ।ਐਸਾਜੋਆਕਾਸਤੇਂਭੀਨਿਰਮਲਪਦਹੈ।ਤਿਸ [illegible]

CC-0 Shri Krishna Museum. An eGangotri-Vedic Bharat Inititative

੨੮ ਵਿਖੇਈਸੁਰਬੀਤਹਵਦਾਇਸਥਿਤਭਇਆਪਦ॥ ਇਤਿਸ੍ਰੀ [illegible] ੬੨੪
[illegible]॥ [illegible]॥ ਹੇਰਾਮਜੀਬੀਤਹਵਜੋਮੁਨੀਸਰਥਾਸੋਦੁਖਰੂਪਸੰਸਾਰਸਮੁੰਦ੍ਰਕੇਪਾਰਪਰਮਪ
ਦਕਉਪ੍ਰਾਪਤਿਹੂਆ॥ਜਿਸਪਦਕਉਪ੍ਰਾਪਤਿਹੂਏਜਨਮਮਰਣਬਹੁੜਨਹੀਪਾਵਤਾ॥ਤਿਸਵਿਖੇਇਸਥਿ
ਤਹੂਆ॥ਪਰਮਸਾਂਤਉਪਸਮਆਨੰਦਕਉਪ੍ਰਾਪਤਿਹੂਆ॥ਜੈਸੇਬੂੰਦਸਮੁੰਦ੍ਰਵਿਖੇਪੜੀਹੂਈਸਮੁੰਦ੍ਰਹੋ
ਜਾਤੀਹੈ॥ਤੈਸੇਬ੍ਰਹਮਸਮੁੰਦ੍ਰਵਿਖੇਇਸਥਿਤਹੂਆ॥ਬ੍ਰਹਮਹੀਜੋਥਾਸੋਈਭਇਆ॥ਅਰੁਸਰੀਰਜੋਬੀਤ
ਹਵਕਾਥਾਸੋਵਿਰਸਹੋਕਰਿਗਿਰਪੜਾ॥ਜੈਸੇਸੀਤਕਾਲਮੋਬ੍ਰਿਛੋਕੇਪਤ੍ਰਸੂਕਕਰਿਗਿਰਪੜਤੇਹੈਂ॥ਤੈਸੇਸਰੀ
ਰਗਿਰਪੜਾ॥ਅਰੁਸਰੀਰਰੂਪੀਬ੍ਰਿਛਥਾ॥ਤਿਸਵਿਖੇਰਿਦਾਰੂਪੀਆਲਣਾਥਾ॥ਤਿਸਵਿਖੇਪ੍ਰਾਣਰੂਪੀਪੰਛੀ
ਰਹਤਾਥਾ॥ਸੋਭੀਚਿਦਾਕਾਸਵਿਖੇਪ੍ਰਾਪਤਿਹੂਆ॥ਜੈਸੇਖਭਾਣੀਕਰਿਪਥਰਪਾਵਤਾਹੈ॥ਤੈਸੇਜਾਇਪ੍ਰਾਪਤ
ਭਇਆ॥ਅਪਣੇਸਰੂਪਵਿਖੇਇਸਥਿਤਭਇਆ॥ਹੇਰਾਮਜੀਇਹਮੈਤੁਝਕਉਬੀਤਹਵਕੀਕਥਾਸੁਣਾਈ
ਹੈ॥ਸੁਅਨੰਤਵਿਚਾਰਕਰਜੁਗਤਹੈ॥ਇਸਪ੍ਰਕਾਰਵਿਚਾਰਕਰਿਕੈਬੀਤਹਵਵਿਸ੍ਰਾਂਤਵਾਨਹੂਆਹੈ॥ਤੂੰਭੀਇਸਉ
